




ਰੋਜ਼ਾਨਾ

ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ








Email : Lokbani08@gmail.com | ਮੰਗਲਵਾਰ, 2ਮਈ 2023 ਮੁੱਖ ਸੰਪਾਦਕ:-ਅਮਨ ਮਹਿਰਾ | ਜਲੰਧਰ

RNI .PUNPUN/29016/2008 | ਸਾਲ 15 | ਅੰਕ 118 | ਮੁੱਲ 5ਰੁਪਏ | ਕੁੱਲ ਪੇਜ 10 | ਫੈਕਸ: 0181-2211009,99155-94111


## ਜੇ ਰਿਸ਼ਤੇ ਵਿਚ ਗੁਜਾਇੰਸ਼ ਨਾ ਬਚੀ ਹੋਵੇ ਤਾਂ ਤਲਾਕ ਹੋ ਸਕਦਾ ਹੈ : ਸੁਪਰੀਮ ਕੋਰਟ

**ਨਵੀਂ ਦਿੱਲੀ (ਕਪੂਰ)** ਤਲਾਕ ਨੂੰ ਲੈ ਕੇ ਸੁਪਰੀਮ ਕੋਰਟ ਦਾ ਵੱਡਾ ਫੈਸਲਾ ਸਾਹਮਣੇ ਆਇਆ ਹੈ। ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਨੇ ਕਿਹਾ ਕਿ ਜਿੱਥੇ ਰਿਸ਼ਤੇ ਵਿੱਚ ਸੁਧਾਰ ਦੀ ਕੋਈ ਗੁੰਜਾਇਸ਼ ਨਹੀਂ ਹੈ, ਉਹ ਅਜਿਹੇ ਮਾਮਲਿਆਂ ਵਿੱਚ ਤਲਾਕ ਨੂੰ ਮਨਜ਼ੂਰੀ ਦੇ ਸਕਦੀ ਹੈ। ਸੁਪਰੀਮ ਕੋਰਟ ਦੀ ਸੰਵਿਧਾਨਕ ਬੈਂਚ ਨੇ ਆਪਣੇ ਫੈਸਲੇ 'ਚ ਕਿਹਾ ਹੈ ਕਿ ਸੁਪਰੀਮ ਕੋਰਟ ਸੰਵਿਧਾਨ ਦੀ ਧਾਰਾ 142 ਤਹਿਤ ਆਪਣੇ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਅਜਿਹੀ ਮਨਜ਼ੂਰੀ ਦੇ ਸਕਦੀ ਹੈ। ਵਿਆਹ ਦੇ ਪੱਕੇ ਤੌਰ 'ਤੇ ਟੁੱਟਣ ਦੇ ਮਾਮਲਿਆਂ ਵਿੱਚ,



ਜੋੜੇ ਨੂੰ ਲੋੜੀਂਦੀ ਉਡੀਕ ਸਮੇਂ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਮੌਜੂਦਾ ਵਿਆਹ ਕਾਨੂੰਨਾਂ ਅਨੁਸ-ਾਰ, ਪਤੀ-ਪਤਨੀ ਦੀ ਸਹਿਮਤੀ ਦੇ ਬਾਵਜੂਦ, ਪਹਿਲਾਂ ਪਰਿਵਾਰਕ ਅਦਾਲਤਾਂ ਇੱਕ ਸਮਾਂ ਸੀਮਾ ਦੇ ਅੰਦਰ ਦੋਵਾਂ ਧਿਰਾਂ ਨੂੰ ਮੁੜ ਵਿਚਾਰ ਕਰਨ ਲਈ ਸਮਾਂ ਦਿੰਦੀਆਂ ਹਨ।

# ਅਫਜ਼ਲ ਅੰਸਾਰੀ ਦੀ ਸੰਸਦ ਮੈਂਬਰੀ ਰੱਦ, ਚਾਰ ਸਾਲ ਦੀ ਹੋਈ ਸੀ ਸਜ਼ਾ

**ਨਵੀਂ ਦਿੱਲੀ (ਕਪੂਰ)** ਅਗਵਾ ਤੇ ਹੱਤਿਆ ਦੇ ਕੇਸ ਵਿਚ ਦੋਸ਼ੀ ਠਹਿਰਾਏ ਜਾ ਚੁੱਕੇ ਬਸਪਾ ਲੋਕ ਸਭਾ ਮੈਂਬਰ ਅਫ਼ਜ਼ਲ ਅੰਸਾਰੀ ਨੂੰ ਸਦਨ ਵਿਚੋਂ ਅਯੋਗ ਠਹਿਰਾ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਅੰਸਾਰੀ ਨੂੰ ਅਦਾਲਤ ਨੇ ਚਾਰ ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਉਹ ਗਾਜ਼ੀਪੁਰ ਤੋਂ ਲੋਕ ਸਭਾ ਮੈਂਬਰ ਬਣੇ ਸਨ। ਅੰਸਾਰੀ ਦੇ ਭਰਾ ਮੁਖ਼ਤਾਰ ਨੂੰ ਇਸ ਕੇਸ ਵਿਚ ਦਸ ਸਾਲ ਦੀ ਸਜ਼ਾ ਸੁਣਾਈ ਗਈ ਸੀ। ਦੋਵਾਂ 'ਤੇ ਉੱਤਰ ਪ੍ਰਦੇਸ਼ ਵਿਚ ਗੈਂਗਸਟਰ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਹ ਮਾਮਲਾ ਸੰਨ 2005 ਦਾ ਹੈ। ਲੋਕ ਸਭਾ ਸਕੱਤਰੇਤ ਨੇ ਅੰਸਾਰੀ ਨੂੰ ਅਯੋਗ ਠਹਿਰਾਉਣ ਬਾਰੇ ਇਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ।



## ਜੰਤਰ-ਮੰਤਰ ਪਹੁੰਚੇ ਨਵਜੋਤ ਸਿੱਧੂ

**ਚੰਡੀਗੜ੍ਹ (ਵਿਨੋਦ ਸ਼ਰਮਾ )** ਕਾਂਗਰਸੀ ਆਗੂ ਨਵਜੋਤ ਸਿੰਘ ਸਿੱਧੂ ਵੱਲੋਂ ਅੱਜ ਦਿੱਲੀ ਵਿੱਚ ਜੰਤਰ-ਮੰਤਰੀ ਵਿਖੇ ਕੌਮੀ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਪਹਿਲਵਾਨਾਂ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਉਨ੍ਹਾਂ ਪਹਿਲਵਾਨਾਂ ਦੇ ਸਮਰਥਨ ਦਾ ਐਲਾਨ ਕਰਦਿਆਂ ਬ੍ਰਿਜ ਭੁਸ਼ਣ ਖ਼ਿਲਾਫ਼ ਸਖਤ



ਕਾਰਵਾਈ ਕਰਨ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪੋਕਸੋ ਐਕਟ ਤਹਿਤ ਕੇਸ ਦਰਜ ਹੋਣ ਦੇ ਬਾਵਜੂਦ ਅਜੇ ਤੱਕ ਉਸ ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਹੋਈ ਹੈ। ਇਸ ਤੋਂ ਪਹਿਲਾਂ ਸਿੱਧੂ ਨੇ ਇਕ ਟਵੀਟ ਵਿੱਚ ਪ੍ਰਦਰਸ਼ਨ ਨੂੰ 'ਸੱਤਿਆਗ੍ਰਹਿ' ਕਰਾਰ ਦਿੰਦਿਆਂ ਕਿਹਾ ਸੀ ਕਿ ਉਹ ਧਰਨਾ ਦੇ ਰਹੇ ਪਹਿਲਵਾਨਾਂ ਨਾਲ ਮਿਲਣਗੇ।

## ਗਿਆਸਪੁਰਾ ਗੈਸ ਲੀਕ ਕਾਂਡ: ਲੁਧਿਆਣਾ ਪੁਲੀਸ ਵੱਲੋਂ ਸਿਟ ਕਾਇਮ

**ਲੁਧਿਆਣਾ (ਸੁਖਚੈਨ ਮਹਿਰਾ)** ਇੱਥੇ ਗਿਆਸਪੁਰਾ ਗੈਸ ਲੀਕ ਕਾਂਡ ਮਾਮਲੇ ਦੀ ਜਾਂਚ ਲਈ ਲੁਧਿਆਣਾ ਪੁਲੀਸ ਨੇ ਇਕ ਪੰਜ ਮੈਂਬਰੀ ਵਿਸ਼ੇਸ਼ ਜਾਂਚ ਟੀਮ ਕਾਇਮ ਕਰ ਦਿੱਤੀ ਹੈ। ਇਹ ਜਾਂਚ ਟੀਮ ਸੀਵਰੇਜ ਲਾਈਨ ਵਿੱਚ ਕੈਮੀਕਲ ਰਹਿੰਦ-ਖੂੰਹਦ ਪਾਏ ਜਾਣ ਵਿੱਚ ਸਨਅਤੀ ਇਕਾਈਆਂ ਦੀ ਭੂਮਿਕਾ ਦੀ ਜਾਂਚ ਕਰੇਗੀ। ਪੁਲੀਸ ਨੂੰ ਸ਼ੱਕ ਹੈ ਕਿ ਕੁਝ ਸਨਅਤੀ ਇਕਾਈਆਂ ਵੱਲੋਂ ਮੈਨਹੋਲ ਵਿੱਚ ਜ਼ਰੂਰ ਕੋਈ ਜ਼ਹਿਰੀਲੇ ਰਸਾਇਣ ਸੁੱਟੇ ਗਏ ਹੋਣੇ ਜਿਸ ਕਾਰਨ ਇਹ ਮੌਤਾਂ ਹੋਈਆਂ। ਪੁਲੀਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਕਿਹਾ ਕਿ ਸਿਟ ਦੀ ਅਗਵਾਈ ਡੀਸੀਪੀ (ਜਾਂਚ) ਹਰਮੀਤ ਸਿੰਘ ਹੁੰਦਲ ਕਰਨਗੇ ਅਤੇ ਇਸ ਵਿੱਚ ਏਡੀਸੀਪੀ ਸੁਹੇਲ ਕਾਸਿਮ, ਏਡੀਸੀਪੀ ਤੁਸ਼ਾਰ ਗੁਪਤਾ, ਏਸੀਪੀ ਅਤੇ ਇਲਾਕਾ ਐੱਸਐੱਚਓ ਸ਼ਾਮਲ ਹੋਣਗੇ। ਸਿਟ ਵੱਲੋਂ ਸਨਅਤੀ ਇਕਾਈਆਂ ਅਤੇ ਉਨ੍ਹਾਂ ਦੇ ਕੈਮੀਕਲ ਦੇ ਨਿਪਟਾਰੇ ਸਬੰਧੀ ਪ੍ਰਣਾਲੀ ਦੀ ਜਾਂਚ ਕੀਤੀ ਜਾਵੇਗੀ। ਜੇਕਰ ਕਿਸੇ ਸਨਅਤੀ ਇਕਾਈ ਦੀ ਕੈਮੀਕਲ ਰਹਿੰਦ-ਖੂੰਹਦ ਸੀਵਰੇਜ ਲਾਈਨ ਵਿੱਚ ਡਿੱਗਦੀ ਪਾਈ ਗਈ ਤਾਂ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੀ ਭੂਮਿਕਾ 'ਤੇ ਸਵਾਲ ਉਠਣਗੇ।

## ਸੁਡਾਨ ਤੋਂ 186 ਭਾਰਤੀਆਂ ਦਾ ਇੱਕ ਹੋਰ ਜੱਥਾ ਆਇਆ

**ਨਵੀਂ ਦਿੱਲੀ (ਕਪੂਰ)** ਹਿੰਸਾ ਪ੍ਰਭਾਵਿਤ ਸੂਡਾਨ ਤੋਂ ਆਪਣੇ ਨਾਗਰਿਕਾਂ ਨੂੰ ਵਾਪਸ ਲਿਆਉਣ ਲਈ ਭਾਰਤ ਦੇ ਆਪਰੇਸ਼ਨ 'ਆਪ੍ਰੇਸ਼ਨ ਕਾਵੇਰੀ' ਤਹਿਤ ਸੋਮਵਾਰ ਨੂੰ 186 ਭਾਰਤੀ ਵਾਪਸ ਪਰਤ ਗਏ। ਭਾਰਤ ਨੇ ਹਿੰਸਾ ਪ੍ਰਭਾਵਿਤ ਸੂਡਾਨ ਤੋਂ ਆਪਣੇ ਨਾਗਰਿਕਾਂ ਨੂੰ ਕੱਢਣ ਲਈ ਪਿਛਲੇ ਹਫ਼ਤੇ 'ਆਪ੍ਰੇਸ਼ਨ ਕਾਵੇਰੀ' ਸ਼ੁਰੂ ਕੀਤਾ ਸੀ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਟਵੀਟ ਕੀਤਾ, "ਆਪਰੇਸ਼ਨ ਕਵੇਰੀ ਦੇ ਤਹਿਤ ਭਾਰਤੀ ਨਾਗਰਿਕਾਂ ਦੀ ਵਾਪਸੀ ਜਾਰੀ ਹੈ। ਇੱਕ ਜਹਾਜ਼ 186 ਯਾਤਰੀਆਂ ਨੂੰ ਲੈ ਕੇ ਕੋਚੀ ਪਹੁੰਚਿਆ। ਇਸ ਮੁਹਿੰਮ ਤਹਿਤ ਐਤਵਾਰ ਨੂੰ 229 ਭਾਰਤੀ ਬੈਂਗਲੂਰੂ ਪਹੁੰਚੇ ਸਨ, ਜਦਕਿ ਇਕ ਦਿਨ ਪਹਿਲਾਂ 365 ਭਾਰਤੀ ਨਾਗਰਿਕ ਦਿੱਲੀ ਆਏ ਸਨ।

## ਵ੍ਹਟਸਐਪ ਨੇ ਮਾਰਚ ਵਿਚ 47 ਲੱਖ ਭਾਰਤੀ ਖ਼ਾਤਿਆਂ 'ਤੇ ਲਗਾਈ ਰੋਕ

**ਨਵੀਂ ਦਿੱਲੀ (ਕਪੂਰ)** ਮੈਟਾ ਦੀ ਮਾਲਕੀਅਤ ਵਾਲੇ ਇੰਸਟੈਂਟ ਮੈਸੇਜਿੰਗ ਪਲੇਟਫਾਰਮ ਵ੍ਹਟਸਐਪ ਨੇ ਮਾਰਚ ਵਿਚ 47 ਲੱਖ ਤੋਂ ਵੱਧ ਭਾਰਤੀ ਖ਼ਾਤਿਆਂ 'ਤੇ ਪਾਬੰਦੀ ਲਗਾ ਦਿੱਤੀ ਸੀ। ਫਰਵਰੀ 'ਚ ਇਹ ਗਿਣਤੀ 45 ਲੱਖ ਖਾਤਿਆਂ ਤੋਂ ਜ਼ਿਆਦਾ ਸੀ। ਵ੍ਹਟਸਐਪ ਦੇ ਬੁਲ-ਾਰੇ ਨੇ ਕਿਹਾ ਕਿ ਮਾਰਚ 2023 'ਚ ਪ੍ਰਾਪਤ



ਸ਼ਿਕਾਇਤਾਂ 'ਤੇ ਕਾਰਵਾਈ ਕਰਦੇ ਹੋਏ 47 ਲੱਖ ਤੋਂ ਵੱਧ ਖਾਤਿਆਂ 'ਤੇ ਪਾਬੰਦੀ ਲਗਾ ਦਿੱਤੀ ਗਈ। ਇਸ ਤੋਂ ਪਹਿਲਾਂ ਫਰਵਰੀ ਵਿਚ 45 ਲੱਖ, ਜਨਵਰੀ ਵਿਚ 29 ਲੱਖ, ਦਸੰਬਰ ਵਿਚ 36 ਲੱਖ ਅਤੇ ਨਵੰਬਰ 2022 ਵਿਚ 37 ਲੱਖ ਖਾਤਿਆਂ 'ਤੇ ਰੋਕ ਲਗਾਈ ਗਈ ਸੀ। ਅਪਣੀ ਮਾਸਿਕ ਰਿਪੋਰਟ ਵਿਚ ਵ੍ਹਟਸਐਪ ਨੇ ਕਿਹਾ ਕਿ ਉਸ ਨੂੰ ਮਾਰਚ ਮਹੀਨੇ ਵਿਚ ਨਵੀਂ ਗਠਿਤ ਸ਼ਿਕਾਇਤ ਅਪੀਲ ਕਮੇਟੀ (GAC) ਤੋਂ ਤਿੰਨ ਆਦੇਸ਼ ਪ੍ਰਾਪਤ ਹੋਏ ਸਨ।

## ਮੁੰਬਈ ਦੇ ਕਾਰੋਬਾਰੀ ਨਾਲ 2 ਕਰੋੜ ਦੀ ਠੱਗੀ

**ਮੁੰਬਈ (ਲੋਕ ਬਾਣੀ)** ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਦੇ ਇੱਕ ਵਪਾਰੀ ਨਾਲ ਰਕਮ ਦੁੱਗਣੀ ਕਰਨ ਦੇ ਬਹਾਨੇ 2 ਕਰੋੜ ਰੁਪਏ ਠੱਗ ਲਏ। ਇਸ ਮਾਮਲੇ 'ਚ ਪੁਲਸ ਨੇ ਮੁੰਬਈ ਤੋਂ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ, ਜਦਕਿ ਉਸ ਦੇ ਚਾਰ ਸਾਥੀ ਫਰਾਰ ਹਨ। ਇਸ ਮਾਮਲੇ ਵਿੱਚ ਇੱਕ ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮਾਂ ਨੇ ਪੀੜਤ ਦਾ ਭਰੋਸਾ ਹਾਸਲ ਕਰਨ ਲਈ ਇੱਕ ਅੰਤਰਰਾਸ਼ਟਰੀ ਬੈਂਕ ਦੇ ਨਾਮ ਉੱਤੇ ਫਰਜ਼ੀ ਈਮੇਲ ਅਤੇ ਦਸਤਾਵੇਜ਼ ਦਿਖਾਏ। ਜਿਸ ਤੋਂ ਬਾਅਦ ਉਸ ਨੇ ਵਾਅਦਾ ਕੀਤੇ ਪੈਸੇ ਨਹੀਂ ਦਿੱਤੇ ਅਤੇ ਦੋ ਕਰੋੜ ਰੁਪਏ ਵਾਪਸ ਕਰਨ ਤੋਂ ਵੀ ਇਨਕਾਰ ਕਰ ਦਿੱਤਾ, ਜਿਸ ਤੋਂ ਬਾਅਦ ਵਪਾਰੀ ਨੇ ਪੁਲਸ ਕੋਲ ਪਹੁੰਚ ਕੀਤੀ।

## ਮੋਰਿੰਡਾ ਬੇਅਦਬੀ ਕਾਂਡ ਦੇ ਆਰੋਪੀ ਜਸਵੀਰ ਸਿੰਘ ਦੀ ਮਾਨਸਾ ਜੇਲ੍ਹ 'ਚ ਮੌਤ

**ਮਾਨਸਾ (ਲੋਕ ਬਾਣੀ)** ਮੋਰਿੰਡਾ ਬੇਅਦਬੀ ਕਾਂਡ ਦੇ ਆਰੋਪੀ ਜਸਵੀਰ ਸਿੰਘ ਉਰਫ਼ ਜੱਸੀ ਦੀ ਮੌਤ ਹੋ ਗਈ ਹੈ। ਉਹ ਮਾਨਸਾ ਦੀ ਤਮਕੋਟ ਜੇਲ੍ਹ 'ਚ ਬੰਦ ਸੀ। ਜਸਵੀਰ ਨੂੰ ਰੂਪਨਗਰ ਤੋਂ 29 ਅਪ੍ਰੈਲ ਨੂੰ ਮਾਨਸਾ ਲਿਆਂਦਾ ਗਿਆ ਸੀ, ਜਿੱਥੇ ਅੱਜ ਉਸ ਦੀ ਮੌਤ ਦੀ ਖ਼ਬਰ ਸਾਹਮਣੇ ਆਈ ਹੈ। ਜਸਵੀਰ ਤਮਕੋਟ



ਜੇਲ੍ਹ ਵਿੱਚ ਬੰਦ ਸੀ। ਸੂਤਰਾਂ ਮੁਤਾਬਿਕ ਉਸ ਨੂੰ ਜੇਲ੍ਹ ਵਿਭਾਗ ਵੱਲੋਂ ਮਾਨਸਾ ਦੇ ਸਿਵਲ ਹਸਪਤਾਲ ਭਰਤੀ ਕਰਵਾਇਆ ਗਿਆ ਸੀ ਜਿੱਥੇ ਉਸ ਦੀ ਮੌਤ ਹੋ ਗਈ। ਹਸਪਤਾਲ ਵੱਲੋਂ ਦਿੱਤੀ ਜਾਣਕਾਰੀ ਮੁਤਾਬਿਕ ਉਸ ਨੂੰ ਛਾਤੀ ਵਿਚ ਦਰਦ ਸੀ ਅਤੇ ਸਾਹ ਲੈਣ ਵਿੱਚ ਤਕਲੀਫ਼ ਹੋ ਰਹੀ ਸੀ।





JSDC GROUP

ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ®

178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ

ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018

82880 21797
82880 21798

WWW.JSDCGROUP.COM

ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਉਂਟਸ ਨੂੰ ਫਾਲੋ ਕਰੋ

JSDC GROUP - INDIA

# ਮਸਦੂਰ ਦਿਵਸ਼ ਤੇ ਲਾਲ਼ ਝੰਡਾ ਲਹਿਰਾਉਣ ਉਪਰੰਤ ਸਿ਼ਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ

**ਦੋਰਾਂਗਲਾ (ਰਾਕੇਸ਼ ਜੀਵਨ ਚੱਕ)** ਅੱਜ ਮਜ਼ਦੂਰ ਜਮਾਤ ਦੇ ਪਵਿੱਤਰ ਦਿਹਾੜੇ ਤੇ ਮੌਕੇ ਤੇ ਪੀ ਐੱਸ ਈ ਬੀ ਇੰਪਲਾਈਜ ਫੈਡਰੇਸ਼ਨ ਏਟਕ ਸਰਕਲ ਵਲੋਂ ਸਰਕਲ ਪ੍ਰਧਾਨ ਸਾਥੀ ਬਲਵਿੰਦਰ ਉਦੀ ਪੁਰ ਦੀ ਪ੍ਰਧਾਨਗੀ ਹੇਠ ਸਰਕਲ ਦਫ਼ਤਰ ਗੁਰਦਾਸਪੁਰ ਦੇ ਗੇਟ ਤੇ ਲਾਲ਼ ਝੰਡਾ ਲਹਿਰਾਉਣ ਉਪਰੰਤ ਸ਼ਕਿਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ । ਇਸ ਮੌਕੇ ਤੇ ਸਾਥੀ ਉਦੀ ਪੁਰ ਨੇ ਸੰਬੋਧਨ ਕਰਦਿਆਂ ਦੱਸਿਆ ਹੈ ਕਿ ਅੱਜ ਵੀ ਮਜ਼ਦੂਰ ਜਮਾਤ ਨੂੰ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਰਕਾਰਾਂ ਨਿਤ ਦਿਹਾੜੇ ਮਜ਼ਦੂਰ ਮੁਲਾਜ਼ਮ ਵਿਰੋਧੀ ਫੈਸਲੇ ਕਰ ਰਹੀ ਹੈ । ਲੇਬਰ ਕਾਨੂੰਨਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ ਸਰਕਾਰ ਸਰਮਾਏਦਾਰੀ ਨੂੰ ਬੜਾਵਾ ਦੇ ਰਹੀ ਹੈ ਅਤੇ ਮਜ਼ਦੂਰਾਂ ਦੀ ਲੁੱਟ ਕੀਤੀ ਜਾਂ ਰਹੀ ਹੈ ,ਆਰਥਿਕ ਸ਼ੋਸਣ ਕੀਤਾਂ ਜਾ




ਰਿਹਾ ਹੈ । ਇਸ ਲਈ ਸਾਨੂੰ ਸਾਰਿਆਂ ਨੂੰ ਜਥੇਬੰਦਕ ਤਾਕਤ ਮਜ਼ਬੂਤ ਕਰਕੇ ਮਜ਼ਦੂਰ ਦੀ ਬਦ ਖ਼ਲਾਸੀ ਲਈ ਸਰਕਾਰਾਂ ਵਿਰੁੱਧ ਸੰਘਰਸ਼ ਕਰਨਾ ਹੀ ਸ਼ਕਿਾਗੋ ਦੇ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ। ਇਸ ਮੌਕੇ ਤੇ ਸਾਥੀ ਸਾਹਿਬ ਸਿੰਘ ਧਾਲੀਵਾਲ ,ਸਤੀਸ਼ ਕੁਮਾਰ, ਅਨਿਲ ਕੁਮਾਰ ਸ਼ਰਮਾ, ਅਸ਼ਵਨੀ ਕੁਮਾਰ, ਜੋਗਿੰਦਰ ਪਾਲ ,ਸੁਰਿੰਦਰ ਅਤਰੀ, ਰਣਜੀਤ ਸਿੰਘ, ਇੰਜ ਬਲਜੀਤ ਸਿੰਘ ਹੁੰਦਲ ਆਦਿ ਆਗੂ ਹਾਜਰ ਸਨ ।

# ਜ਼ਿਲ੍ਹੇ ਦੀਆਂ ਮੰਡੀਆਂ ਵਿਚ ਆਈ 515982 ਮੀਟਰਕ ਟਨ ਕਣਕ ਵਿਚੋਂ 508935 ਮੀਟਰਕ ਟਨ ਦੀ ਹੋਈ ਖਰੀਦ

**ਗੁਰਦਾਸਪੁਰ(ਨਵਨੀਤ ਕੁਮਾਰ)** ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਅੰਦਰ ਕਣਕ ਦੀ ਖਰੀਦ ਦਾ ਕੰਮ ਨਿਰਵਿਘਨ ਅਤੇ ਸੁਚੱਜੇ ਢੰਗ ਨਾਲ ਚੱਲ ਰਿਹਾ ਹੈ। ਮੰਡੀਆਂ ਅੰਦਰ ਕਿਸਾਨਾਂ ਵੱਲੋਂ ਵੇਚਣ ਲਈ ਲਿਆਂਦੀ ਜਾ ਰਹੀ ਕਣਕ ਨੂੰ ਵੱਖ-ਵੱਖ ਖਰੀਦ ਏਜੰਸੀਆਂ ਵੱਲੋਂ ਨਾਲੋ-ਨਾਲ ਖਰੀਦਿਆ ਜਾ ਰਿਹਾ ਹੈ ਜਿਸ ਤੋਂ ਕਿਸਾਨ ਬਹੁਤ ਖੁਸ਼ ਹਨ।ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਅੰਦਰ 515982 ਮੀਟਰਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਅਤੇ ਵੱਖ-ਵੱਖ



ਸਰਕਾਰੀ ਅਤੇ ਪ੍ਰਾਈਵੇਟ ਖਰੀਦ ਏਜੰਸੀਆਂ ਵੱਲੋਂ 508935 ਮੀਟਰਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨਾਂ ਕਿਹਾ ਕਿ ਖਰੀਦ ਕੀਤੀ ਕਣਕ ਦੀ ਮਿੱਥੇ ਸਮੇਂ ਅੰਦਰ ਲਿਫਟਿੰਗ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਹਨ, ਤਾਂ ਜੋ ਕਿਸਾਨਾਂ ਨੂੰ ਮੰਡੀਆਂ ਅੰਦਰ ਕਿਸੇ ਵੀ ਕਿਸਮ ਦੀ ਦਿੱਕਤ ਪੇਸ਼ ਨਾ ਆਵੇ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖਰੀਦੀ ਗਈ ਕਣਕ ਵਿਚੋਂ ਪਨਗ੍ਰੇਨ ਵੱਲੋਂ 145600 ਮੀਟਰਕ ਟਨ, ਮਾਰਕਫੈੱਡ ਵੱਲੋਂ 122267 ਮੀਟਰਕ ਟਨ, ਪਨਸਪ ਵੱਲੋਂ 118952 ਮੀਟਰਕ ਟਨ, ਵੇਅਰ ਹਾਊਸ ਵੱਲੋਂ 108096 ਮੀਟਰਕ ਟਨ, ਐੱਫ.ਸੀ.ਆਈ ਵੱਲੋਂ 14020 ਮੀਟਰਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਵੱਖ-ਵੱਖ ਮੰਡੀਆਂ ਵਿਚ ਖਰੀਦੀ ਗਈ ਕਣਕ ਵਿੱਚੋਂ 244469 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਕੀਤੀ ਜਾ ਚੁੱਕੀ ਹੈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਮੰਡੀਆਂ ਵਿੱਚ ਕਣਕ ਦੀ ਖਰੀਦ ਦਾ ਬਹੁਤਾ ਕੰਮ ਸਫਲਤਾ ਨਾਲ ਮੁਕੰਮਲ ਕਰ ਲਿਆ ਗਿਆ ਹੈ ਅਤੇ ਹੁਣ ਖਰੀਦੀ ਗਈ ਕਣਕ ਦੀ ਲਿਫਟਿੰਗ ਨੂੰ ਤੇਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਫਸਲ ਨਾਲ ਦੀ ਨਾਲ ਖਰੀਦਣ ਦੇ ਉਸਦੀ ਪੇਮੈਂਟ ਵੀ 48 ਘੰਟੇ ਦੇ ਅੰਦਰ ਕੀਤੀ ਜਾ ਰਹੀ ਹੈ।

# ਐਮ ਸੀ ਐਮ ਸੁਭਾਸ ਕੁਮਾਰ ਦਬੂਰਜੀ ਹੋਏ ਸੇਵਾ ਮੁਕਤ



**ਦੋਰਾਂਗਲਾ (ਰਾਕੇਸ਼ ਜੀਵਨ ਚੱਕ)** ਜੀ ਏ ਏਅਰ ਫੋਰਸ ਪਠਾਨਕੋਟ ਤੋਂ ਸ੍ਰੀ ਸੁਭਾਸ ਕੁਮਾਰ ਐਮ ਸੀ ਐਮ ਦੀ ਪੋਸਟ ਤੋਂ ਰਿਟਾਇਰਮੈਂਟ ਹੋਣ ਤੇ ਮਹਿਕਮੇ ਦੇ ਮੁਲਾਜ਼ਮਾਂ ਵਲੋਂ ਸੁਭਾਸ ਜੀ ਨੂੰ ਫੁੱਲਾ ਦੇ ਹਾਰ ਪਾ ਕੇ ਅਤੇ ਪ੍ਰਸੰਸ਼ਾ ਚਿੰਨ ਦੇ ਕੇ ਸਨਮਾਨਿਤ ਕੀਤਾ ਹੈ । ਅੱਜ ਸੁਭਾਸ ਸਾਮ ਸਿੰਘ ਦਬੁਰਜੀ ਵਲੋਂ ਆਪਣੀ ਰਿਟਾਇਰਮੈਂਟ ਹੋਣ ਦੀ ਖੁਸ਼ੀ ਵਿੱਚ ਜੇ ਪੀ ਹੋਟਲ ਚ ਪਾਰਟੀ ਕੀਤੀ ਗਈ । ਜਿਸ ਵਿੱਚ ਨਿਊ ਯਾਰਕ ਟੇਲਰ ਬਲਦੇਵ ਕੁਮਾਰ ,ਐਸ ਡੀ ਓ ਰਿਟਾਇਰ ਰਾਜ ਕੁਮਾਰ ਕਲੋਤਰਾ, ਅਜੇ ਕੁਮਾਰ ,ਬਚਨ ਸਿੰਘ ,ਜਗਦੀਸ ਰਾਜ,ਦਰਸ਼ਨ ਕੁਮਾਰ,ਪ੍ਰਬੋਧ ਕੁਮਾਰ ,ਪ੍ਰਧਾਨ ਲਲਿਤ ਕੁਮਾਰ,ਬਲਵਿੰਦਰ ਪਾਲ ਆਦਿ ਵਲੋਂ ਸੁਭਾਸ ਦਬੁਰਜੀ ਨੂੰ ਰਿਟਾਇਰਮੈਂਟ ਹੋਣ ਤੇ ਵਧਾਈ ਦਿੱਤੀ ਅਤੇ ਚੰਗੀ ਸਿਹਤ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ । ਇਸ ਸਮੇਂ ਅਖੀਰ ਵਿੱਚ ਸੁਭਾਸ ਕੁਮਾਰ ਅਤੇ ਪਤਨੀ ਆਸਾ ਰਾਣੀ ਵਲੋਂ ਸਮੂਹ ਮਹਿਮਾਨਾਂ ਦਾ ਤਹਿਦਿਲੋਂ ਧੰਨਵਾਦ ਕੀਤਾ ਗਿਆ ।

# ਇੱਕ ਮਈ ਨੂੰ ਬੀਜ਼ੀ ਬੀ ਅਰਲੀ ਲਰਨਿੰਗ ਸਕੂਲ ਸਾਹਨੇਵਾਲ ਵਿਖੇ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ

**ਸਾਹਨੇਵਾਲ /ਲੁਧਿਆਣਾ (ਸੁਖਚੈਨ ਮਹਿਰਾ)** ਇੱਕ ਮਈ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਰੂਪ ਵਿੱਚ ਬੀਜ਼ੀ ਬੀ ਅਰਲੀ ਲਰਨਿੰਗ ਸਕੂਲ ਮਾਡਲ ਟਾਊਨ ਸਾਹਨੇਵਾਲ ਵਿਖੇ ਮਨਾਇਆ ਗਿਆ।ਜਿਸ ਵਿੱਚ ਬੱਚਿਆਂ ਵੱਲੋਂ ਵੱਖ ਵੱਖ ਤਰ੍ਹਾਂ ਦੇ ਪਹਿਰਾਵੇ ਪਹਿਨੇ ਗਏ ਜਿਵੇਂ ਕਿ ਡਾਕਟਰ, ਫੌਜੀ, ਪੁਲਿਸ, ਕਿਸਾਨ,



ਮਜ਼ਦੂਰ, ਐਅਰਹੋਸਟੇਸ,ਮਾਲੀ, ਰਿਪੋਟਰ, ਅਧਿਆਪਕ, ਕੁਕ, ਵੇਟਰ ਆਦਿ ਜੋ ਕਿ ਬਹੁਤ ਹੀ ਖਿੱਚ ਦਾ ਕੇਂਦਰ ਬਣੇ 'ਤੇ ਸਕੂਲ ਵੱਲੋਂ ਬੱਚਿਆਂ ਦੇ ਸਨਮਾਨ ਵਜੋਂ ਗਿਫ਼ਟ ਦਿੱਤੇ ਗਏ।ਇਸ ਮੌਕੇ ਸਕੂਲ ਡਾਇਰੈਕਟਰ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਲੇਬਰ ਡੇਅ (ਮਜ਼ਦੂਰ ਦਿਵਸ) ਮਜ਼ਦੂਰਾਂ ਦੀ ਮਿਹਨਤ ਦੇ ਸਨਮਾਨ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਦਿਨ ਨੂੰ 1886 ਵਿੱਚ ਸ਼ਿਕਾਗੋ ਸ਼ਹਿਰ ਵਿੱਚ ਮਨਾਉਣਾ ਸ਼ੁਰੂ ਕੀਤਾ ਸੀ।ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਪਰਮਜੀਤ ਕੌਰ, ਮਨਦੀਪ ਕੌਰ,ਮਨਰੀਤ ਕੌਰ ਆਦਿ ਹਾਜ਼ਰ ਸਨ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

www.lokbani.com
Email : Lokbani08@gmail.com

# ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਮਾਸਿਕ ਭੰਡਾਰੇ ਦਾ ਆਯੋਜਨ







**ਮੋਹਾਲੀ (ਰੀਤਿਸ਼ ਕੁਮਾਰ)** ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਸ਼੍ਰੀ ਰਾਧਾ ਕ੍ਰਿਸ਼ਨ ਮੰਦਰ ਫੇਜ਼-2 ਮੋਹਾਲੀ ਵਿਖੇ ਮਾਸਿਕ ਭੰਡਾਰੇ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਸੰਸਥਾ ਦੇ ਸੰਸਥਾਪਕ ਅਤੇ ਸੰਚਾਲਕ ਸ਼੍ਰੀ ਆਸ਼ੂਤੋਸ਼ ਮਹਾਰਾਜ ਦੀ ਚੇਲਾ ਸਾਧਵੀ ਮੀਨਾਕਸ਼ੀ ਭਾਰਤੀ ਨੇ ਕਿਹਾ ਕਿ ਮਨੁੱਖ ਆਪਣੇ ਜੀਵਨ-ਸੰਘਰਸ਼ ਦੀ ਹਰ ਸਥਿਤੀ ਦੇ ਖਿਲਾਫ ਗਾਂਡੀਵ ਨੂੰ ਉਦੋਂ ਹੀ ਉਭਾਰ ਸਕਦਾ ਹੈ ਜਦੋਂ ਉਸ ਦੇ ਅੰਦਰਲੇ ਮੋਹ ਦਾ ਨਾਸ਼ ਹੋ ਜਾਵੇ ਅਤੇ ਇਸ ਲਈ ਸ਼੍ਰੀ. ਕ੍ਰਿਸ਼ਨ ਵਰਗਾ ਸਦਗੁਰੂ ਹੋਣਾ ਜ਼ਰੂਰੀ ਹੈ। ਦਲਦਲ ਵਿੱਚ ਫਸੇ ਵਿਅਕਤੀ ਨੂੰ ਉਹੀ ਵਿਅਕਤੀ ਬਾਹਰ ਕੱਢ ਸਕਦਾ ਹੈ ਜੋ ਖੁਦ ਉਸ ਦਲਦਲ ਵਿੱਚੋਂ ਬਾਹਰ ਨਿਕਲਿਆ ਹੋਵੇ। ਸੰਸਾਰ ਦਾ ਭਰਮ ਵੀ ਇੱਕ ਦਲਦਲ ਹੈ ਅਤੇ ਸ਼੍ਰੀ ਕ੍ਰਿਸ਼ਨ, ਭਰਮ ਦਾ ਮਾਲਕ ਹੋਣ ਕਰਕੇ, ਭਰਮ ਤੋਂ ਪੂਰੀ ਤਰ੍ਹਾਂ ਨਿਰ-ਲੇਪ ਹੈ। ਇਸੇ ਲਈ ਉਸ ਨੇ ਅਰਜੁਨ ਨੂੰ ਬ੍ਰਹਮਗਿਆਨ ਰਾਹੀਂ ਭਰਮ ਅਤੇ ਅਗਿਆਨਤਾ ਦੀ



ਦਲਦਲ ਵਿੱਚੋਂ ਬਾਹਰ ਕੱਢਿਆ। ਦੂਜੇ ਪਾਸੇ, ਦੁਰਯੋਧਨ ਕ੍ਰਿਪਾਚਾਰੀਆ, ਦਰੋਣਾਚਾਰੀਆ ਆਦਿ ਦਾ ਸਮਰਥਨ ਪ੍ਰਾਪਤ ਕਰ ਕੇ ਵੀ ਪਤਨ ਦੀ ਦਲਦਲ ਵਿੱਚ ਡੁੱਬਦਾ ਗਿਆ। ਕਿਉਂਕਿ ਇਹ ਅਧਿਆਪਕ, ਬਾਹਰੀ ਵਿਗਿਆਨ ਅਤੇ ਹਥਿਆਰਾਂ ਵਿੱਚ ਨਿਪੁੰਨ, ਘੱਟੋ-ਘੱਟ ਦੁਰਯੋਧਨ ਨੂੰ ਬਾਹਰੀ ਨਿਸ਼ਾਨੇ ਨੂੰ ਵਿੰਨ੍ਹਣਾ ਸਿਖਾ ਸਕਦਾ ਸੀ। ਪਰ ਅੰਤਮ ਟੀਚਾ ਆਤਮ-ਗਿਆਨ ਦੇ ਤੀਰ ਨਾਲ ਪਰਮ ਬ੍ਰਹਮ ਨੂੰ ਵਿੰਨ੍ਹਣਾ ਨਹੀਂ ਹੈ। ਮਹਾਨ ਦਾਨੀ ਕਰਨ, ਬ੍ਰਹਮਾਸਤਰ ਜਾਣਨ ਵਾਲਾ ਅਸ਼ਵਥਾਮਾ, ਕਰੜੇ ਵਚਨ ਦਾਤਾ ਭੀਸ਼ਮ ਵੀ ਦੁਰਯੋਧਨ ਦੀ ਰਲ ਕੇ ਰਾਖੀ ਨਾ ਕਰ ਸਕੇ। ਜਦੋਂ ਕਿ ਅਰਜੁਨ ਬ੍ਰਹਮਵੇਤ ਸ਼੍ਰੀ ਕ੍ਰਿਸ਼ਨ ਦੀ ਸੰਗਤ ਵਿੱਚ ਆਖ਼ਰਕਾਰ ਜਿੱਤ ਗਿਆ ਸੀ ਭਾਵੇਂ ਉਹ ਹਥਿਆਰਬੰਦ ਸੀ। ਇਹ ਸਾਰੇ ਤੱਥ ਸੰਸਾਰ ਦੀ ਕਿਸੇ ਵੀ ਹੋਰ ਵਿਦਿਆ ਦੇ ਮੁਕਾਬਲੇ ਬ੍ਰਹਮਾ ਵਿਦਿਆ ਦੀ ਉੱਤਮਤਾ ਨੂੰ ਪ੍ਰਗਟ ਕਰਦੇ ਹਨ। ਜੇਕਰ ਅਸੀਂ ਆਪਣੇ ਅੰਤਮ ਟੀਚੇ, ਪਰਮਾਤਮਾ ਨੂੰ ਪ੍ਰਾਪਤ ਕਰਨਾ ਚਾਹੁੰਦੇ ਹਾਂ, ਤਾਂ ਸਾਨੂੰ ਬਾਹਰੀ ਸਾਧਨਾਂ ਦੀ ਬਜਾਏ ਅੰਦਰੂਨੀ ਗਿਆਨ ਪ੍ਰਾਪਤ ਕਰਨਾ ਪਵੇਗਾ। ਜਿਸ ਲਈ ਇੱਕ ਸਦਗੁਰੂ ਦੀ ਲੋੜ ਹੈ, ਜੋ ਘਾਟ ਅੰਦਰ ਪਰਮਾਤਮਾ ਦੇ ਦਰਸ਼ਨ ਦੇ ਸਕੇ, ਇਸ ਤੋਂ ਮੁਕਤੀ ਪ੍ਰਾਪਤ ਕਰਨ ਦਾ ਕੋਈ ਹੋਰ ਸਾਧਨ ਨਹੀਂ ਹੈ। ਪ੍ਰੋਗਰਾਮ ਵਿੱਚ ਸਾਧਵੀ ਮਨਜੀਤ ਭਾਰਤੀ, ਸਾਧਵੀ ਮਨਪ੍ਰੀਤ ਭਾਰਤੀ, ਸਾਧਵੀ ਸੰਯੋਗਿਤਾ ਭਾਰਤੀ ਅਤੇ ਸਾਧਵੀ ਮੈਥਿਲੀ ਭਾਰਤੀ ਨੇ ਸੁਰੀਲੇ ਭਜਨ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੇ ਅੰਤ ਵਿੱਚ ਸਮੂਹ ਸੰਗਤਾਂ ਵਿੱਚ ਭੰਡਾਰਾ ਅਤੁੱਟ ਵਰਤਾਇਆ ਗਿਆ।

## ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸ. ਸੁਖਦੇਵ ਸਿੰਘ ਢੀਂਡਸਾ ਅਤੇ ਪਾਰਟੀ ਦੇ ਹੋਰਨਾਂ ਆਗੂਆਂ ਨੇ ਸ. ਸੁਖਬੀਰ ਸਿੰਘ ਬਾਦਲ ਨਾਲ ਦੁੱਖ ਸਾਂਝਾ ਕੀਤਾ





**ਮੋਹਾਲੀ (ਰੀਤਿਸ਼ ਕੁਮਾਰ)** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਪ੍ਰਧਾਨ ਸ. ਸੁਖਦੇਵ ਸਿੰਘ ਢੀਂਡਸਾ ਨੇ ਅੱਜ ਪਿੰਡ ਬਾਦਲ ਪੁੱਜਕੇ ਸ. ਸੁਖਬੀਰ ਸਿੰਘ ਬਾਦਲ ਤੇ ਸਮੁੱਚੇ ਬਾਦਲ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ । ਸ. ਢੀਂਡਸਾ ਪਿਛਲੇ ਪੰਜ ਦਹਾਕਿਆਂ ਤੋਂ ਸਾਬਕਾ ਮੁੱਖ ਮੰਤਰੀ ਸ .ਪ੍ਰਕਾਸ਼ ਸਿੰਘ ਬਾਦਲ ਦੇ ਕਰੀਬੀ ਸਾਥੀ ਰਹੇ ਹਨ। ਸ. ਢੀਂਡਸਾ ਨੇ ਸ. ਪ੍ਰਕਾਸ਼ ਸਿੰਘ ਬਾਦਲ ਨਾਲ ਔਖੇ-ਸੌਖੇ ਸਮਿਆਂ ਨਾਲ ਬਿਤਾਏ ਸਮੇਂ ਨੂੰ ਯਾਦਗਾਰੀ ਦੱਸਿਆ। ਉਹਨਾਂ ਕਿਹਾ ਕਿ ਸ. ਬਾਦਲ ਨੇ ਪੰਜਾਬੀਆਂ ਦੀ ਸਹੀ ਅਗਵਾਈ ਕੀਤੀ । ਉਹਨਾਂ ਫੈਡਰਲ ਢਾਂਚੇ ਦੇ ਹੱਕ ਵਿੱਚ ਸਮੁੱਚੇ ਦੇਸ਼ਵਾਸੀਆਂ ਦੀ ਅਗਵਾਈ ਕੀਤੀ । ਗੰਭੀਰ ਤੇ ਬਹੁਤ ਹੀ ਸੰਵੇਦਨਸ਼ੀਲ ਮਾਮਲਿਆਂ ਨੂੰ ਉਸਾਰੂ ਸੰਵਾਦ ਰਾਹੀਂ ਹੱਲ ਕਰਨਾ ਤੇ ਕਰਵਾਉਣਾ ਉਨ੍ਹਾ ਦੀ ਇਕ ਬਹੁਤ ਵੱਡੀ ਖੂਬੀ ਸੀ। ਬਤੌਰ ਆਗੂ ਸ. ਬਾਦਲ ਦਾ ਸ਼ਾਨਦਾਰ ਰਿਕਾਰਡ ਹੈ। ਪੰਜਾਬ ਦੇ ਵਿਕਾਸ ਤੇ ਤਰੱਕੀ ਲਈ ਉਹਨਾਂ ਆਪਣੇ ਸਾਥੀਆਂ (ਸਾਡੇ) ਨਾਲ ਰਲਕੇ ਅਜਿਹੀ ਰੂਪ ਰੇਖਾ ਘੜੀ ਜਿਸਨੂੰ ਹਰ ਪੱਖੋਂ ਸਲਾਹਿਆ ਗਿਆ । ਸ. ਢੀਂਡਸਾ ਨੇ ਕਿਹਾ ਕਿ ਸ. ਬਾਦਲ ਸਹਿਜ ਸੁਭਾਅ ਵਾਲੇ ਆਗੂ ਸਨ। ਉਹਨਾਂ ਦੀ ਹਰਮਨ ਪਿਆਰਤਾ ਤੇ ਸਾਦਗੀ ਵੱਡੀਆਂ ਗੱਲਾਂ ਹਨ। ਸ. ਬਾਦਲ ਨੇ ਅਜਿਹੇ ਮਹਾਨ ਕਾਰਜ ਕੀਤੇ ਹਨ ਜਿਹਨਾਂ ਕਰਕੇ ਉਹ ਹਮੇਸ਼ਾ ਪੰਜਾਬੀਆਂ ਦੇ ਦਿਲਾਂ ਵਿੱਚ ਵਸੇ ਰਹਿਣਗੇ। ਉਹਨਾਂ ਆਪਣੀ ਸਾਰੀ ਜ਼ਿੰਦਗੀ ਪੰਥ,ਪੰਜਾਬ ਤੇ ਦੇਸ਼ ਦੇ ਲੇਖੇ ਲਾ ਦਿੱਤੀ। ਉਹ ਪੰਜਾਬ ਦੀ ਸਿਆਸਤ ਦੇ ਥੰਮ ਹਨ। ਸ. ਢੀਂਡਸਾ ਨੇ ਕਿਹਾ ਕਿ ਪੰਥ ਅਤੇ ਪੰਜਾਬ ਦੇ ਭਲੇ ਲਈ ਅਕਾਲੀ ਸੋਚ ਦਾ ਪ੍ਰਚੰਡ ਹੋਣਾ ਜ਼ਰੂਰੀ ਹੈਅਤੇ ਇਹੋ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਸੱਚੀ ਸ਼ਰਧਾਂਜਲੀ ਹੈ। ਇਸ ਮੌਕੇ ਅਜੀਤ ਸਿੰਘ ਚੰਦੂਰਾਈਆਂ ਸ. ਹਰਦੇਵ ਸਿੰਘ ਰੋਗਲਾ (ਸ਼੍ਰੋਮਣੀ ਕਮੇਟੀ ਮੈਂਬਰ),ਸ. ਰਾਮਪਾਲ ਸਿੰਘ ਬਹਿਣੀਵਾਲ (ਮੈਂਬਰ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ), ਗੁਰਜੀਵਨ ਸਿੰਘ ਸਰੌਦ ਜਿਲਾ ਪ੍ਰਧਾਨ ਮਲੇਰਕੋਟਲਾ ,ਸ. ਪ੍ਰਿਤਪਾਲ ਸਿੰਘ ਹਾਂਡਾ (ਜ਼ਿਲ੍ਹਾ ਪ੍ਰਧਾਨ ਅਕਾਲੀ ਦਲ ਸੰਯੁਕਤ), ਸ. ਗੁਰਦੀਪ ਸਿੰਘ ਮਕਰੌੜ,ਸੁਰਿੰਦਰ ਸਿੰਘ ਆਹਲੂਵਾਲੀਆ,ਹਰਦੀਪ ਸਿੰਘ ਘੁੰਨਸ,ਭਰਪੂਰ ਸਿੰਘ ਧਨੌਲਾ,ਰੰਮੀ ਢਿੱਲੋਂ ਬਰਨਾਲਾ ਸ. ਬਿੰਦਰਪਾਲ ਸਿੰਘ ਨਮੋਲ, ਸ. ਗਿਆਨ ਸਿੰਘ, ਸ. ਸੁਰਿੰਦਰ ਸਿੰਘ, ਸ. ਰਵਿੰਦਰ ਸਿੰਘ , ਸ. ਰਣਧੀਰ ਸਿੰਘ ਰੱਖੜਾ, ਗੁਰਸੰਤ ਸਿੰਘ ਭੁਟਾਲ ਸ. ਮਨਿੰਦਰ ਸਿੰਘ ਨਾਭਾ ,ਸ. ਰੂਪ ਸਿੰਘ ਸ਼ੇਰੋਂ, ਸ. ਗੁਰ-ਜੰਟ ਸਿੰਘ ਨਮੋਲ, ਸ. ਨਿਹਾਲ ਸਿੰਘ ਸਰਪੰਚ, ਸ. ਭੀਮ ਸਿੰਘ ਨਮੋਲ,ਸ. ਭੁਪਿੰਦਰ ਸਿੰਘ ਮਹਾਂਸਿੰਘਵਾਲਾ, ਸ. ਪਾਲ ਸਿੰਘ ਗੇਹਲਾ ਸਾਬਕਾ ਚੇਅਰਮੈਨ, ਸ. ਗੁਰਜੰਟ ਸਿੰਘ ਦੁੱਗਾ, ਸ. ਸੁਖਵਿੰਦਰ ਸਿੰਘ ਬਿੱਲੂ ਸਰਪੰਚ, ਸ. ਗੁਰਮੀਤ ਸਿੰਘ ਜੌਹਲ, ਸ. ਜਸਵਿੰਦਰ ਸਿੰਘ (ਓ.ਐਸ.ਡੀ),ਸ. ਜਸਵਿੰਦਰ ਸਿੰਘ ਪ੍ਰਿੰਸ, ਸ. ਏ.ਪੀ ਸਿੰਘ ਅਤੇ ਕੇਵਲ ਸਿੰਘ ਜਨਾਲ ਆਦਿ ਮੋਜੂਦ ਸਨ।

DIPS IMT
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
DIPS INSTITUTE OF MANAGEMENT & TECHNOLOGY
CONTACT : 95010-00697, 97806-00998

# 'ਕਵਿਤਾ ਦੀ ਸਿਰਜਣ ਪ੍ਰਕਿਰਿਆ' ਸਬੰਧੀ ਵਰਕਸ਼ਾਪ

## ਸਮਾਗਮ ਦੀ ਪ੍ਰਧਾਨਗੀ ਡਾ. ਲਖਵਿੰਦਰ ਸਿੰਘ ਜੌਹਲ ਵੱਲੋਂ ਕੀਤੀ ਗਈ

**ਮੋਹਾਲੀ (ਰੀਤਿਸ਼ ਕੁਮਾਰ )** ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਐੱਸ ਏ ਐੱਸ ਨਗਰ ਅਤੇ ਰੂਪਨਗਰ ਵੱਲੋਂ ਜ਼ਿਲ੍ਹਾ ਭਾਸ਼ਾ ਅਫ਼ਸਰ ਮੋਹਾਲੀ ਦੇ ਵਿਹੜੇ 'ਕਵਿਤਾ ਦੀ ਸਿਰਜਣ ਪ੍ਰਕਿਰਿਆ' ਸਬੰਧੀ ਵਰਕਸ਼ਾਪ ਲਾਈ ਗਈ। ਸਮਾਗਮ ਦੀ ਪ੍ਰਧਾਨਗੀ ਡਾ. ਲਖਵਿੰਦਰ ਸਿੰਘ ਜੌਹਲ ਵੱਲੋਂ ਕੀਤੀ ਗਈ। ਮੁੱਖ ਮਹਿਮਾਨ ਦੇ ਤੌਰ 'ਤੇ ਸੁਖਵਿੰਦਰ ਅੰਮ੍ਰਿਤ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸਤਪਾਲ ਭੀਖੀ ਸ਼ਾਮਲ ਹੋਏ। ਸਮਾਗਮ ਦੀ ਸ਼ੁਰੂਆਤ ਭਾਸ਼ਾ ਵਿਭਾਗ ਦੀ ਵਿਭਾਗੀ ਧੁਨੀ 'ਧਨੁ ਲੇਖਾਰੀ ਨਾਨਕਾ' ਨਾਲ ਕੀਤੀ ਗਈ।

ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਦਵਿੰਦਰ ਸਿੰਘ ਬੋਹਾ ਵੱਲੋਂ ਸਮੂਹ ਪ੍ਰਧਾਨਗੀ ਮੰਡਲ, ਸਾਹਿਤਕਾਰਾਂ ਅਤੇ ਪਤਵੰਤੇ ਸੱਜਣਾਂ ਨੂੰ 'ਜੀ ਆਇਆਂ ਨੂੰ' ਕਹਿੰਦਿਆਂ ਇਸ ਵਰਕਸ਼ਾਪ ਨੂੰ ਭਾਸ਼ਾ ਦੀ ਪ੍ਰਫੁੱਲਤਾ ਅਤੇ ਸਾਹਿਤ ਦੀਆਂ ਲੀਹਾਂ ਨੂੰ ਅੱਗੇ ਤੋਰਨ ਦਾ ਉੱਦਮ ਆਖਿਆ। ਉਨ੍ਹਾਂ ਨੇ ਭਾਸ਼ਾ ਵਿਭਾਗ ਪੰਜਾਬ ਦੁਆਰਾ ਕੀਤੇ ਜਾ ਰਹੇ ਕੰਮਾਂ ਅਤੇ ਜ਼ਿਲ੍ਹਾ ਭਾਸ਼ਾ ਦਫ਼ਤਰ ਮੋਹਾਲੀ ਦੀਆਂ ਪ੍ਰਾਪਤੀਆਂ ਤੋਂ ਹਾਜ਼ਰੀਨ ਨੂੰ ਜਾਣੂ ਵੀ ਕਰਵਾਇਆ।



ਡਾ. ਲਖਵਿੰਦਰ ਜੌਹਲ ਵੱਲੋਂ ਆਪਣੇ ਪ੍ਰਧਾਨਗੀ ਭਾਸ਼ਣ 'ਚ ਬੋਲਦਿਆਂ ਕਿਹਾ ਕਿ ਕਵਿਤਾ ਮਨ ਦੀ ਆਵਾਜ਼ ਹੁੰਦੀ ਹੈ। ਜਦੋਂ ਸਮਾਜਿਕ ਪ੍ਰਸਥਿਤੀਆਂ ਸਾਡੇ ਮਨ ਦੇ ਅਨੁਭਵਾਂ ਅਤੇ ਵਿਚਾਰਾਂ ਨਾਲ ਆਤਮਸਾਤ ਹੁੰਦੀਆਂ ਹਨ ਤਾਂ ਕਵਿਤਾ ਉਪਜਦੀ ਹੈ। ਕਵਿਤਾ ਦੇ ਰਾਗਾਂ ਜਾਂ ਛੰਦਾ ਨੇ ਕਿਵੇਂ ਆਪਣੀ ਕਵਿਤਾ ਵਿੱਚ ਆਉਣਾ ਹੈ ਇਸ ਦੀ ਕੋਈ ਨਿਸ਼ਾਨਦੇਹੀ ਨਹੀਂ ਕਰ ਸਕਦਾ। ਸੁਖਵਿੰਦਰ ਅੰਮ੍ਰਿਤ ਵੱਲੋਂ ਗਜ਼ਲ ਬਾਰੇ ਵਿਸਥਾਰ ਸਹਿਤ ਗੱਲ ਕਰਦੇ ਹੋਏ ਕਿਹਾ ਕਿ ਪਹਿਲਾਂ ਕਵਿਤਾ ਬਣਦੀ ਹੈ ਤੇ ਫਿਰ ਉਸ ਦਾ ਵਿਧੀ ਵਿਧਾਨ ਹੋਂਦ ਵਿੱਚ ਆਉਂਦਾ ਹੈ ਭਾਵ ਤਕਨੀਕ ਤੋਂ ਪਹਿਲਾਂ ਭਾਵਾਂ ਦੀ ਮੌਲਿਕਤਾ ਦੀ ਪ੍ਰਧਾਨਤਾ ਹੁੰਦੀ ਹੈ। ਸਤਪਾਲ ਭੀਖੀ ਵੱਲੋਂ ਆਖਿਆ ਗਿਆ ਕਿ ਸੋਚਣ ਅਤੇ ਅਨੁਭਵ ਕਰਨ ਤੋਂ ਬਾਅਦ ਦ੍ਰਿਸ਼ਟੀ ਦੀ ਸਪਸ਼ਟਤਾ ਰਾਹੀਂ ਬਿੰਬ ਉੱਘੜਦਾ ਹੈ ਅਤੇ ਕਵਿਤਾ ਬਿੰਬ ਰਾਹੀਂ ਲਿਸ਼ਕਾਰਾ ਮਾਰ ਕੇ ਕੁਝ ਕੁ ਪਲਾਂ ਦੇ ਵਿੱਚ ਬਹੁਤ ਅਲੋਕਾਰੀ ਅਰਥ ਸਿਰਜਣ ਦੀ ਸਮਰੱਥਾ ਰੱਖਦੀ ਹੈ। ਵਰਕਸ਼ਾਪ ਦੌਰਾਨ ਬੁਲਾਰਿਆਂ ਵੱਲੋਂ ਕਵਿਤਾ ਦੀ ਸਿਰਜਣਾ ਬਾਰੇ ਸ੍ਰੋਤਿਆਂ ਦੇ ਸਵਾਲਾਂ ਦੇ ਉੱਤਰ ਵੀ ਦਿੱਤੇ ਗਏ।




ਇਸ ਮੌਕੇ ਤਰਸੇਮ, ਸਤਪਾਲ ਭੀਖੀ ਅਤੇ ਗੁਰਦੀਪ ਸਿੰਘ ਵੱਲੋਂ ਅਨੁ-ਵਾਦਿਤ ਅਤੇ ਸੰਪਾਦਿਤ ਪੁਸਤਕ 'ਕਾਵਿ-ਦਿਸ਼ਾਵਾਂ ਭਾਰਤੀ ਭਾਸ਼ਾਵਾਂ ਦੀ ਕਵਿਤਾ' ਵੀ ਲੋਕ ਅਰਪਣ ਕੀਤੀ ਗਈ। ਪ੍ਰੋ. ਗੁਰਦੀਪ ਸਿੰਘ ਵੱਲੋਂ ਅਜੋਕੇ ਸਮੇਂ ਵਿੱਚ ਕਵਿਤਾ ਦੀ ਭੂਮਿਕਾ ਅਤੇ ਅਥਾਹ ਸੰਭਾਵਨਾਵਾਂ ਬਾਰੇ ਗੱਲ ਕੀਤੀ ਗਈ। ਸਮੂਹ ਬੁਲਾਰਿਆਂ ਵੱਲੋਂ ਦਫ਼ਤਰ ਜ਼ਿਲ੍ਹਾ ਭਾਸ਼ਾ ਦਫ਼ਤਰ ਮੋਹਾਲੀ ਦੀ ਕਾਰਜ ਸ਼ੈਲੀ ਅਤੇ ਸੁਹਜਮਈ ਦਿੱਖ ਦੀ ਸ਼ਲਾਘਾ ਕਰਦਿਆਂ ਸਮੁੱਚੀ ਟੀਮ ਨੂੰ ਵਧਾਈ ਦਿੱਤੀ ਗਈ। ਇਹਨਾਂ ਤੋਂ ਇਲਾਵਾ ਵਿਚਾਰ ਚਰਚਾ ਵਿੱਚ ਪ੍ਰੋ. ਗੁਰਦੀਪ ਸਿੰਘ, ਸਤਵਿੰਦਰ ਸਿੰਘ ਧੜਾਕ, ਹਰਦੀਪ ਸਿੰਘ ਗਿੱਲ, ਧਿਆਨ ਸਿੰਘ ਕਾਹਲੋਂ, ਡਾ. ਸੁਨੀਤਾ ਰਾਣੀ, ਗੁਰਦਰਸ਼ਨ ਸਿੰਘ ਮਾਵੀ, ਪ੍ਰੋ. ਦਵਿੰਦਰ ਕੌਰ ਖੁਸ਼ ਧਾਲੀਵਾਲ, ਡਾ. ਮਨਜੀਤ ਸਿੰਘ ਮਝੈਲ, ਜਸਵਿੰਦਰ ਸਿੰਘ ਕਾਇਨੌਰ, ਗੁਰਮਾਨ ਸੈਣੀ, ਸਮਿੱਤਰ ਸਿੰਘ, ਪਿਆਰਾ ਸਿੰਘ ਰਾਹੀ, ਕਰਮਜੀਤ ਸਿੰਘ ਬੱਗਾ, ਬਲਵਿੰਦਰ ਸਿੰਘ ਢਿੱਲੋਂ, ਗੁਰਚਰਨ ਸਿੰਘ, ਮਨਜੀਤਪਾਲ ਸਿੰਘ, ਸਤਬੀਰ ਕੌਰ, ਸੁਰਿੰਦਰ ਕੌਰ ਬਾਲਾ, ਚਰਨਜੀਤ ਕੌਰ, ਕਿਰਨ ਬੇਦੀ, ਰਾਜਵਿੰਦਰ ਸਿੰਘ ਗੁੱਡੂ, ਨਿਰਮਲ ਸਿੰਘ ਅਧਰੇੜਾ, ਲਾਭ ਸਿੰਘ ਲਹਿਲੀ, ਅਮਰਜੀਤ ਕੌਰ ਮੋਰਿੰਡਾ, ਅਰੁਣਾ ਡੋਗਰਾ ਸ਼ਰਮਾ, ਨੀਲਮ ਨਾਰੰਗ, ਲੱਖਾ ਸਿੰਘ ਸਲੇਮਪੁਰੀ, ਏਲੀਨਾ ਧੀਮਾਨ, ਜੈਸਮੀਨ ਕੌਰ, ਕੁਲਵਿੰਦਰ ਖੈਰਾਬਾਦ, ਰੂਪ ਦਿਓਲ, ਰਬਿੰਦਰ ਸਿੰਘ ਰੱਬੀ, ਸੁਖਵਿੰਦਰ ਭੀਖੀ, ਦਵਿੰਦਰ ਕੌਰ ਢਿੱਲੋਂ, ਦਿਲਪ੍ਰੀਤ ਚਹਿਲ, ਸਿਮਰਜੀਤ ਕੌਰ ਗਰੇਵਾਲ, ਅਜਮੇਰ ਸਾਗਰ, ਦਰਸ਼ਨ ਤਿਊਣਾ, ਸੰਤੋਸ਼ ਗਰਗ, ਨਵਨੀਤ ਕੌਰ, ਬਲ-ਜੰਦਰ ਕੌਰ ਸ਼ੇਰਗਿੱਲ, ਸਿਕੰਦਰ ਸਿੰਘ, ਕੁਲਵੰਤ ਸਿੰਘ, ਜਤਿ-ਦਰਪਾਲ ਸਿੰਘ, ਮਨਜੀਤ ਸਿੰਘ, ਲਖਵਿੰਦਰ ਸਿੰਘ ਵੱਲੋਂ ਵੀ ਸ਼ਿਰਕਤ ਕੀਤੀ ਗਈ। ਸਮਾਗਮ ਦੇ ਅੰਤ ਵਿੱਚ ਦਫ਼ਤਰ ਜ਼ਲ੍ਹਿਾ ਭਾਸ਼ਾ ਅਫ਼ਸਰ ਮੋਹਾਲੀ ਅਤੇ ਰੂਪਨਗਰ ਵੱਲੋਂ ਮੁੱਖ ਮਹਿਮਾਨਾਂ ਅਤੇ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ ਅਤੇ ਹੋਰ ਪਤਵੰਤੇ ਸੱਜਣਾਂ ਦਾ ਇਸ ਸਮਾਗਮ ਵਿੱਚ ਪਹੁੰਚਣ ਲਈ ਧਨਵਾਦ ਕੀਤਾ। ਮੰਚ ਸੰਚਾਲਨ ਦਰਸ਼ਨ ਕੌਰ ਖੋਜ ਅਫ਼ਸਰ ਵੱਲੋਂ ਕੀਤਾ ਗਿਆ। ਇਸ ਮੌਕੇ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਮੋਹਾਲੀ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ।

# ਇਹ ਕੇਹਾ ਮਜ਼ਦੂਰ ਦਿਵਸ ਕਾਮੇ ਸੜਕਾਂ ਤੇ ਅਫਸਰਸ਼ਾਹੀ ਆਪੋ ਆਪਣੇ ਘਰਾਂ 'ਚ

## 76 ਸਾਲਾਂ ਬਾਅਦ ਵੀ ਨਹੀਂ ਸੁਧਰੀ ਮਜ਼ਦੂਰ ਦੀ ਹਾਲਤ : ਕਾਤਿਲ

**ਸ਼ੇਰਪੁਰ ( ਲੋਕ ਬਾਣੀ ਬਿਊਰੋ )** ਭਾਵੇਂ ਦੇਸ਼ ਨੂੰ ਆਜ਼ਾਦ ਹੋਇਆਂ 76 ਸਾਲ ਹੋ ਗਏ ਹਨ ਪਰ ਅੱਜ ਤੱਕ ਮਜ਼ਦੂਰਾਂ ਦੀ ਹਾਲਤ ਉਹੀ ਹੈ । ਕਈ ਸਰਕਾਰਾਂ ਆਈਆਂ ਤੇ ਕਈ ਸਰਕਾਰਾਂ ਬਦਲੀਆਂ ਪਰ ਮਜ਼ਦੂਰਾਂ ਦੀ ਹਾਲਤ ਨਹੀਂ ਸੁਧਰੀ । ਅੱਜ ਵੀ " ਮਜ਼ਦੂਰ ਦਿਵਸ " ਦੇ ਬਾਵਜੂਦ ਰਸਤੇ ਵਿਚ ਜਿੱਥੇ ਵੀਦੇਖੋ ਮਜ਼ਬੂਰ ਮਜ਼ਦੂਰ ਰੋਜ਼ੀ-ਰੋਟੀ ਕਮਾਉਣ ਲਈ ਵੱਖ-ਵੱਖ ਥਾਵਾਂ 'ਤੇ ਮਿਹਨਤ ਮਜ਼ਦੂਰੀ ਕਰ ਕੇ ਆਪਣੇ ਕੰਮ ਵਿਚ ਮਗਨ ਹਨ । ਕਈ ਮਜ਼ਦੂਰਾਂ ਨੂੰ ਪੁੱਛਣ 'ਤੇ ਵੀ 'ਮਜ਼ਦੂਰ ਦਿਵਸ' ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਹੈ । ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਸਮਾਜਸੇਵੀ ਤੇ ਰੋਜ਼ਾਨਾਂ ਲੋਕ ਬਾਣੀ ਦੇ ਸੀਨੀਅਰ ਪੱਤਰਕਾਰ ਹਰਜੀਤ ਸਿੰਘ ਕਾਤਿਲ ਨੇ ਚੋਣਵੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ । ਉਨ੍ਹਾਂ ਅੱਜ ਮਗਨਰੇਗਾ ਮਜ਼ਦੂਰਾਂ ਨੂੰ ਜਿੱਥੇ ਮਜ਼ਦੂਰ ਦਿਵਸ ਦੀ ਵਧਾਈ ਦਿੱਤੀ ਉੱਥੇ ਇਲਾਕੇ ਦੀ ਉੱਘੀ ਸਮਾਜ ਸੇਵਿਕਾ ਤੇ ਨਾਮਵਰ ਲੇਖਿਕਾ ਸੰਦੀਪ ਰਾਣੀ ਸੁਮਨ ਕਾਤਰੋਂ ਨਾਲ ਮਜ਼ਦੂਰ ਦਿਵਸ ਮਨਾਉਦਿਆਂ ਮਜ਼ਦੂਰਾਂ ਨਾਲ ਲੱਡੂ ਅਤੇ ਬ੍ਰੈਡ ਪਕੌੜਾ ਸਾਂਝਾ ਕੀਤਾ । ਉਨ੍ਹਾਂ ਕਿਹਾ ਆਪਣੀ ਲੀਡਰਸ਼ਿਪ ਚਮਕਾਉਣ ਅਤੇ ਸੁਰਖੀਆਂ ਵਿਚ ਆਉਣ ਲਈ ਇਸ ਦਿਨ ਨੂੰ ਸਿਰਫ਼ ਲੀਡਰ ਹੀ ਯਾਦ ਕਰਦੇ ਹਨ । ਮਜ਼ਦੂਰਾਂ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਵਿਸ਼ਵ ਭਰ ਵਿਚ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ ਪਰ ਇਹ ਗੱਲਾਂ ਸਮਾਗਮ ਤੱਕ ਹੀ ਰਹਿ ਜਾਂਦੀਆਂ ਹਨ। ਜ਼ਿੰਦਗੀ ਤੋਂ ਮਜ਼ਬੂਰ ਉਸੇ ਮਜ਼ਦੂਰ ਦੀਆਂ ਆਸਾਂ ਤੇ ਖਾਹਿਸ਼ਾਂ ਚੋਣ ਵਾਅਦਿਆਂ ਹੇਠ ਦੱਬ ਜਾਂਦੀਆਂ ਹਨ । ਬਾਹਰਲੇ ਮੁਲਕਾਂ ਦੀ ਗੱਲ ਕਰੀਏ ਤਾਂ ਉਥੋਂ ਦੇ ਮਜ਼ਦੂਰ ਦੀ ਹਾਲਤ ਪੜ੍ਹੇ-ਲਿਖੇ ਵਿਅਕਤੀ ਨਾਲੋਂ ਕਿਤੇ ਬਿਹਤਰ ਹੈ । ਅਮੀਰ ਦੇਸ਼ਾਂ ਵਿਚ, ਹੋਟਲਾਂ ਵਿੱਚ ਭਾਂਡੇ ਧੋਣ ਵਾਲਾ ਵਿਅਕਤੀ ਦਫ਼ਤਰ ਦੇ ਕਲਰਕ ਨਾਲੋਂ ਵੱਧ ਕਮਾਈ ਕਰਦਾ ਹੈ । ਇਹੀ ਕਾਰਨ ਹੈ ਕਿ ਇੱਥੋਂ ਦੇ ਮਜ਼ਦੂਰਾਂ ਨੂੰ ਜਦੋਂ ਵੀ ਮੌਕਾ ਮਿਲਦਾ ਹੈ ਤਾਂ ਕੁਝ ਪੈਸੇ ਕਮਾ ਕੇ ਗਰੀਬ ਮੁਲਕਾਂ ਵਿਚ ਮਜ਼ਦੂਰ ਵਜੋਂ ਕੰਮ ਕਰ ਲੈਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਖਾੜੀ ਦੇਸ਼ ਦੀ ਛੋਟੀ ਅਰਥਵਿਵਸਥਾ ਮਜ਼ਦੂਰਾਂ ਦਾ ਸਨਮਾਨ ਕਰਦੀ ਹੈ, ਪਰ 2.84 ਟ੍ਰਿਲੀਅਨ ਡਾਲਰ ਦੀ ਸਮਰੱਥਾ ਨਾਲ ਦੁਨੀਆ ਦੀ ਸੱਤਵੀਂ ਆਰਥਿਕਤਾਦਾ ਦਾਅਵਾ ਕਰਨ ਵਾਲਾ ਭਾਰਤ ਮਜ਼ਦੂਰਾਂ ਪ੍ਰਤੀ ਉਦਾਸੀਨ ਕਿਉਂ ਹੈ।





ਮਜਦਰ ਦਿਵਸ ਮੌਕੇ ਸੜਕਾਂ ਤੇ ਕੰਮ ਕਰਦੇ ਮਗਨਰੇਗਾ ਮਜ਼ਦੂਰ ਤੇ ਉਨ੍ਹਾਂ ਕੋਲ ਜਾਕੇ ਮੂੰਹ ਮਿੱਠਾ ਕਰਵਾਉਂਦੇ ਸਮਾਜਸੇਵੀ ।



### ਪੂਰੇ ਦਿਨ ਦੀ ਕਮਾਈ ਪਰਿਵਾਰ ਦਾ ਢਿੱਡ ਭਰਨ ਲਈ ਕਾਫੀ ਨਹੀਂ

ਮਜ਼ਦੂਰ ਦੀ ਹਾਲਤ ਅਜਿਹੀ ਹੈ ਕਿ ਇਕ ਮਜ਼ਦੂਰ ਸਾਰਾ ਦਿਨ ਕੰਮ ਕਰਨ ਤੋਂ ਬਾਅਦ ਵੀ ਆਪਣੇ ਪਰਿਵਾਰ ਨੂੰ 2 ਵੇਲੇ ਦੀ ਰੋਟੀ ਨਹੀਂ ਦੇ ਸਕਦਾ। ਜੇਕਰ ਇਕ ਮਜ਼ਦੂਰ ਇੱਕ ਦਿਨ ਵਿਚ ਆਮ ਤੌਰ 'ਤੇ 2 ਤੋਂ 3 ਸੌ ਰੁਪਏ ਕਮਾ ਲੈਂਦਾ ਹੈ ਤਾਂ ਇੰਨੇ ਪੈਸੇ ਨਾਲ ਉਹ ਮੁਸ਼ਕਿਲ ਨਾਲ ਆਪਣੇ ਪਰਿਵਾਰ ਨੂੰ ਰੋਟੀ ਵੀ ਮੁਹੱਈਆ ਕਰਵਾ ਸਕਦਾ , ਜਦਕਿ ਇਸ ਤੋਂ ਇਲਾਵਾ ਵੀ ਕਈ ਅਜਿਹੇ ਖਰਚੇ ਹੁੰਦੇ ਹਨ, ਜਿਨ੍ਹਾਂ ਨੂੰ ਪੂਰਾ ਕਰਨ ਲਈ ਉਸ ਨੂੰ ਆਪਣੇ ਪਰਿਵਾਰ ਨੂੰ ਕਿਤੇ ਨਾ ਕਿਤੇ ਕਟੌਤੀ ਕਰਨੀ ਪੈਂਦੀ ਹੈ। ਕਈ ਵਾਰ ਵਿਆਜ 'ਤੇ ਮਜ਼ਬੂਰੀ ਨਾਲ ਵਿਆਜ ਲੈਣ ਵਾਲੇ ਤੋਂ ਲਿਆ ਪੈਸਾ ਉਸਨੂੰ ਸਾਰੀ ਉਮਰ ਗੁਲਾਮ ਬਣਾ ਦਿੰਦਾ ਹੈ।

### ਛੁੱਟੀਆਂ ਦੌਰਾਨ ਪਤਲੀ ਹੋ ਜਾਂਦੀ ਹੈ ਹਾਲਤ

ਜਦੋਂ ਛੁੱਟੀਆਂ ਹੁੰਦੀਆਂ ਹਨ ਤਾਂ ਅਮੀਰ ਲੋਕ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਜਾ ਕੇ ਪਰਿਵਾਰ ਨਾਲ ਜਸ਼ਨ ਮਨਾਉਂਦੇ ਹਨ। ਦੂਜੇ ਪਾਸੇ ਮਜ਼ਦੂਰ ਅਤੇ ਉਸ ਦੇ ਪਰਿਵਾਰ ਨੂੰ ਪਤਾ ਹੈ ਕਿ ਮਜ਼ਦੂਰ ਇਨ੍ਹਾਂ ਛੁੱਟੀਆਂ ਦੌਰਾਨ ਕਿਵੇਂ ਆਪਣਾ ਦਿਨ ਬਤੀਤ ਕਰਦਾ ਹੈ। ਛੁੱਟੀਆਂ ਦੌਰਾਨ ਮਜ਼ਦੂਰਾਂ ਕੋਲ ਕੋਈ ਕੰਮ ਨਹੀਂ ਹੁੰਦਾ ਅਤੇ ਦੂਜੇ ਪਾਸੇ ਬਰਸਾਤ ਆਦਿ ਦੇ ਦਿਨ ਵੀ ਮਜ਼ਦੂਰਾਂ ਲਈ ਮੁਸੀਬਤ ਬਣ ਜਾਂਦੇ ਹਨ ।

ਅੱਜ ਦੇ ਦਿਨ ਮਜ਼ਦੂਰਾਂ ਨੇ ਮੰਗ ਕੀਤੀ ਕਿ ਸਰਕਾਰਾਂ ਸਾਡੇ ਬੱਚਿਆਂ ਦੀ ਪੜ੍ਹਾਈ ਲਿਖਾਈ ਦਾ ਖਰਚ ਚੁੱਕਣ ਤੋਂ ਇਲਾਵਾ ਸਾਨੂੰ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਤੇ ਇਸ ਮਹਿੰਗਾਈ ਨੂੰ ਦੇਖਦੇ ਹੋਏ ਸਾਡੀ ਦਿਹਾੜੀ 'ਚ ਵੀ ਵਾਧਾ ਕੀਤਾ ਜਾਵੇ।

# ਲੇਬਰ ਚੌਂਕਾਂ 'ਤੇ ਮਜ਼ਦੂਰਾਂ ਤੇ ਆਮ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਸੰਬਧੀ ਕੀਤਾ ਜਾਗਰੂਕ

## ਨਿਯਮਾਂ ਦੀ ਇਨ ਬਿਨ ਪਾਲਣਾ ਨਾਲ ਸੜਕੀ ਹਾਦਸਿਆਂ ਨੂੰ ਘਟਾਇਆ ਜਾ ਸਕਦਾ ਹੈ

**ਮੋਹਾਲੀ (ਰੀਤਿਸ਼ ਕੁਮਾਰ ):** ਅੱਜ ਸੀਨੀਅਰ ਕਪਤਾਨ ਪੁਲਿਸ ਸੰਦੀਪ ਗਰਗ ਦੇ ਹੁਕਮਾਂ ਤਹਿਤ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜ ਏ ਐਸ ਆਈ ਜਨਕ ਰਾਜ ਵੱਲੋਂ ਮਜ਼ਦੂਰ ਦਿਵਸ ਦੇ ਮੌਕੇ ਉੱਤੇ ਮੋਹਾਲੀ ਵਿਖੇ ਵੱਖ-ਵੱਖ ਲੇਬਰ ਚੌਂਕਾਂ ਵਿਖੇ ਮਜ਼ਦੂਰਾਂ ਅਤੇ ਆਮ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਸੰਬਧੀ ਜਾਗਰੂਕ ਕੀਤਾ ਗਿਆ ਜਾਣਕਾਰੀ ਦਿੰਦੇ ਹੋਏ ਸ੍ਰੀ ਜਨਕ ਰਾਜ ਨੇ ਦੱਸਿਆ ਕਿ ਇਸ ਦੌਰਾਨ ਟਰੈਫਿਕ ਨਿਯਮਾਂ ਬਾਰੇ, ਲੇਨ ਡਰਾਆਈਵਿੰਗ ਬਾਰੇ, ਵਾਹਨਾਂ ਦੇ ਕਾਗਜ਼ਾਤ ਪੂਰੇ ਰੱਖਣ ਬਾਰੇ, ਪ੍ਰੈਸ਼ਰ ਹਾਰਨ ਦੀ ਵਰਤੋਂ ਨਾ ਕਰਨ ਬਾਰੇ ਵਾਤਾਵਰਣ ਦੀ ਸੁਰੱਖਿਅਤ ਬਾਰੇ ਅਤੇ ਨਸ਼ਿਆ ਦੇ ਮਾੜੇ ਪ੍ਰਭਾਵ ਬਾਰੇ ਵਿਸਤਾਰਪੂਰਵਕ ਜਾਣਕਾਰੀ ਦਿੱਤੀ।





ਇਸ ਤੋਂ ਇਲਾਵਾ ਦੋ ਪਹੀਆ ਵਾਹਨ ਤੇ ਹੈਲਮਟ ਪਾਉਣ ਬਾਰੇ, ਵਾਹਨਾਂ ਨੂੰ ਸੜਕ 'ਤੇ ਖੜਾ ਕਰਨ ਦੀ ਬਜਾਏ ਸਹੀ ਪਾਰਕਿੰਗ ਕਰਨ ਬਾਰ, ਖੱਬੇ-ਸੱਜੇ ਮੁੜਨ ਵੇਲੇ ਇੰਡੀਕੇਟਰ ਦੀ ਵਰਤੋਂ ਬਾਰੇ, ਲਾਲ ਬੱਤੀ ਦੀ ਉਲੰਘਣਾ ਨਾ ਕਰਨ ਬਾਰੇ, ਕਿਸੇ ਵੀ ਤਰ੍ਹਾਂ ਦਾ ਨਸ਼ਾ ਕਰਕੇ ਕੋਈ ਵੀ ਵਾਹਨ ਨਾ ਚਲਾਉਣ ਬਾਰੇ,ਬੁਲਟ ਮੋਟਰਸਾਇਕਲ ਤੇ ਪਟਾਕੇ ਨਾ ਮਾਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਾਰੇ ਟਰੈਫਿਕ ਨਿਯਮਾਂ ਦੀ ਇਨ ਬਿਨ ਪਾਲਣਾ ਕਰਨ ਤਾਂ ਜੋ ਸੜਕੀ ਹਾਦਸਿਆਂ ਨੂੰ ਘਟਾਇਆ ਜਾ ਸਕੇ। ਇਸ ਮੌਕੇ ਉਹਨਾਂ ਪੁਲਿਸ ਤੋਂ ਮਦਦ ਲੈਣ ਅਤੇ ਕਰਨ ਲਈ ਹੈਲਪਲਾਈਨ ਨੰਬਰ 112 ਅਤੇ 181 'ਤੇ ਕਾਲ ਕਰਨ ਬਾਰੇ, ਇਸ ਦੇ ਨਾਲ ਸਾਈਬਰ ਕ੍ਰਾਈਮ ਲਈ 1930 'ਤੇ ਕਾਲ ਕਰਨ ਬਾਰੇ ਜਾਣਕਾਰੀ ਦਿੱਤੀ।

# ਸ਼ਾਂਤੀ ਦੇਵੀ ਕਾਲਜ ਦੀਆਂ ਵਿਦਿਆਰਥਣਾਂ ਨੇ ਯੂਨੀਵਰਸਿਟੀ ਦੀਆਂ ਪਹਿਲੀਆਂ ਦਸ ਪੁਜ਼ੀਸ਼ਨਾਂ 'ਤੇ ਕੀਤਾ ਕਬਜ਼ਾ

**ਦੀਨਾਨਗਰ (ਡਾ.ਰਮੇਸ਼ ਸਰੰਗਲ ਵਰੁਣ ਸਰੰਗਲ )** ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾਨਗਰ ਦੇ ਕੰਪਿਊਟਰ ਵਿਭਾਗ ਦੇ ਐਮ.ਐਸ. ਸੀ ਕੰਪਿਊਟਰ ਸਾਇੰਸ ਪਹਿਲੇ ਸਮੈਸਟਰ ਦੀਆਂ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਦਸੰਬਰ 2023 ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ । ਕਾਲਜ ਦੀ ਪ੍ਰਿੰਸੀਪਲ ਡਾ: ਰੀਨਾ ਤਲਵਾੜ ਨੇ ਦੱਸਿਆ ਕਿ ਕੁਮਾਰੀ ਜੀਆ ਨੇ 470/600 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ, ਕੁਮਾਰੀ



ਵਿਸ਼ਾਲੀ ਨੇ 465/600 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਦੂਜਾ ਸਥਾਨ, ਕੁਮਾਰੀ ਗੁਰਨਾਮ ਕੌਰ ਨੇ 470/600 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ। 462/600 ਅੰਕ ਪ੍ਰਾਪਤ ਕਰਕੇ ਸ੍ਰੀਮਤੀ ਪ੍ਰੇਰਨਾ ਨੇ 447/600 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪੰਜਵਾਂ ਸਥਾਨ ਅਤੇ ਸ੍ਰੀਮਤੀ ਨਿਸ਼ਾ ਮਹਾਜਨ ਨੇ 427/600 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਦਸਵਾਂ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਨਾਂ ਰੌਸ਼ਨ ਕੀਤਾ ਹੈ। ਪ੍ਰਿੰਸੀਪਲ ਡਾ: ਰੀਨਾ ਤਲਵਾਰ ਨੇ ਵਿਦਿਆਰਥਣਾਂ ਦੇ ਮਾਪਿਆਂ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਅਧਿਆਪਕਾਂ ਦੀ ਸਖ਼ਤ ਮਿਹਨਤ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਸੇਵਾ ਭਾਵਨਾ ਦੀ ਸੋਚ ਨੂੰ ਸਮੁੱਚੀ ਮਨੁੱਖਤਾ ਤੱਕ ਪਹੁੰਚਾਉਣ ਲਈ ਰੋਟਰੀ ਕਲੱਬ ਯਤਨਸ਼ੀਲ- ਰੋਟੇਰੀਅਨ ਡਾ. ਦੁਸ਼ਯੰਤ ਚੌਧਰੀ

## ਰੋਟਰੀ ਕਲੱਬ ਲੁਧਿਆਣਾ ਨੌਰਥ ਡਿਸਟ੍ਰਿਕਟ 3070 ਵੱਲੋਂ ਗੁਰਸਿੱਖ ਫੈਮਲੀ ਕਲੱਬ ਲੁਧਿਆਣਾ ਨੂੰ ਐਂਬੂਲੈਂਸ ਵੈਨ ਭੇਟ

**ਲੁਧਿਆਣਾ ( ਕਰਨੈਲ ਸਿੰਘ ਐੱਮ ਏ )** ਸਮੁੱਚੇ ਵਿਸ਼ਵ ਭਰ ਦੇ ਲੋਕਾਂ ਨੂੰ ਨਿਸ਼ਕਾਮ ਰੂਪ ਵਿੱਚ ਆਪਣੀਆਂ ਸਿਹਤ ਸਹੂਲਤਾਂ ਤੇ ਭਲਾਈ ਸੇਵਾਵਾਂ ਦੇਣ ਵਾਲੀ ਸੰਸਥਾ ਰੋਟਰੀ ਕਲੱਬ ਇੱਕ ਅਜਿਹੀ ਸੰਸਥਾ ਹੈ। ਜਿਸ ਨੇ ਆਪਣੇ ਸੇਵਾ ਕਾਰਜਾਂ ਦੇ ਰਾਹੀਂ ਸੰਸਾਰ ਵਿੱਚ ਆਪਣੀ ਇੱਕ ਨਿਵੇਕਲੀ ਪਹਿਚਾਣ ਕਾਇਮ ਕੀਤੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰੋਟੇਰੀਅਨ ਡਾ. ਦੁਸ਼ਯੰਤ ਚੌਧਰੀ ਡਿਸਟ੍ਰਿਕ ਗਵਰਨਰ 3070 ਨੇ ਅੱਜ ਰੋਟਰੀ ਕਲੱਬ ਆਫ਼ ਲੁਧਿਆਣਾ ਨੌਰਥ ਵੱਲੋਂ ਸਥਾਨਕ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵਿਖੇ ਆਯੋਜਿਤ ਕੀਤੇ ਗਏ ਯਾਦਗਾਰੀ ਸਮਾਗਮ ਰੋਟਰੀ ਪਰਵਾਰਿਕ ਉਤਸਵ ਵਿੱਚ ਵੱਡੀ ਗਿਣਤੀ ਵਿੱਚ ਇੱਕਤਰ ਹੋਈਆਂ ਪ੍ਰਮੁੱਖ ਸ਼ਖਸ਼ੀਅਤਾਂ, ਰੋਟਰੀ ਕਲੱਬ ਦੇ ਅਹੁਦੇਦਾਰਾਂ ਤੇ ਮੈਬਰਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਨੇ





ਆਪਣੇ ਪ੍ਰਭਾਵਸ਼ਾਲੀ ਸੰਬੋਧਨ ਵਿੱਚ ਕਿਹਾ ਕਿ ਜ਼ਿਲ੍ਹਾ ਲੁਧਿਆਣਾ ਦੇ ਪੇਂਡੂ ਖੇਤਰ ਨਾਲ ਸੰਬੰਧਤ ਮਰੀਜ਼ਾਂ ਨੂੰ ਤੁਰੰਤ ਪਹਿਲ ਦੇ ਆਧਾਰ ਤੇ ਆਧੁਨਿਕ ਸਿਹਤ ਸਹੂਲਤਾਂ ਪ੍ਰਦਾਨ ਕਰਵਾਉਣ ਦੇ ਮਨੋਰਥ ਨਾਲ ਰੋਟਰੀ ਕੱਲਬ ਡਿਸਟ੍ਰਿਕ 3070 (ਭਾਰਤ) ਅਤੇ ਰੋਟਰੀ ਕਲੱਬ ਡਿਸਟ੍ਰਿਕ 3300 (ਮਲੇਸ਼ੀਆ) ਨੇ ਆਪਣੇ ਪ੍ਰੋਜੈਕਟ ਫੰਡਾਂ ਵਿਚੋਂ ਰੋਟਰੀ ਕਲੱਬ ਆਫ਼ ਲੁਧਿਆਣਾ ਨੌਰਥ ਦੇ ਰਾਹੀਂ ਅੱਜ ਭਾਈ ਘੱਨ੍ਹਈਆ ਜੀ ਸੇਵਾ ਮਿਸ਼ਨ ਦੇ ਤਹਿਤ ਗੁਰਸਿੱਖ ਫੈਮਲੀ ਕਲੱਬ ਲੁਧਿਆਣਾ ਨੂੰ ਜੋ ਆਈ.ਸੀ.ਯੂ ਐਂਬੂਲੈਂਸ ਵੈਨ ਭੇਟ ਕੀਤੀ ਗਈ ਹੈ, ਉਹ ਪੇਂਡੂ ਇਲਾਕਿਆਂ ਵਿੱਚ ਵੱਸਣ ਵਾਲੇ ਲੋਕਾਂ ਲਈ ਇੱਕ ਵਰਦਾਨ ਸਿੱਧ ਹੋਵੇਗੀ। ਇਸ ਦੌਰਾਨ ਰੋਟੇਰੀਅਨ ਡਾ. ਦੁਸ਼ਯੰਤ ਚੌਧਰੀ ਡਿਸਟ੍ਰਿਕ ਗਵਰਨਰ 3070 , ਪ੍ਰੋਜੈਕਟ ਚੇਅਰਮੈਨ ਰੋਟੇਰੀਅਨ ਆਤਮਜੀਤ ਸਿੰਘ, ਰੋਟਰੀ ਕਲੱਬ ਆਫ਼ ਲੁਧਿਆਣਾ ਨੌਰਥ ਦੇ ਪ੍ਰਧਾਨ ਰੋਟੇਰੀਅਨ ਦਲਬੀਰ ਸਿੰਘ ਮੱਕੜ, ਰੋਟੇਰੀਅਨ ਰੋਹਿਤ ਉਬਰਾਏ (ਡੀ.ਜੀ 2025-26), ਸ਼੍ਰੀਮਤੀ ਡਾ.ਸਤਿੰਦਰ ਨਿੱਝਰ ਡਿਸਟ੍ਰਿਕ ਚੇਅਰਮੈਨ ਇਨਰਵੀਲ 307, ਐਡਵੋਕੇਟ ਆਸ਼ੀਸ਼ ਆਰੋੜਾ ਡੀ.ਆਰ.ਆਰ, ਰੋਟੇਰੀਅਨ ਪੀ.ਡੀ.ਆਰ.ਆਰ ਰਜਤਦੀਪ ਬਾਹਰੀ (ਇੰਟਰਸਿਟੀ ਚੇਅਰਪਰਸਨ) ਨੇ ਸਾਂਝੇ ਰੂਪ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਨਵੀਂ ਐਂਬੂਲੈਂਸ ਵੈਨ ਦੀਆਂ ਚਾਬੀਆਂ ਗੁਰਸਿੱਖ ਫੈਮਲੀ ਕਲੱਬ ਦੇ ਪ੍ਰਮੁੱਖ ਅਹੁਦੇਦਾਰ ਸ. ਅਮਨਪ੍ਰੀਤ ਸਿੰਘ ਅਤੇ ਉਨ੍ਹਾਂ ਦੇ ਪ੍ਰਮੁੱਖ ਸਾਥੀਆਂ ਡਾ. ਪੁਸ਼ਪਿੰਦਰ ਸਿੰਘ, ਅਮਰਜੀਤ ਸਿੰਘ, ਦਵਿੰਦਰ ਦੀਪ ਸਿੰਘ, ਅਰਵਿੰਦਰ ਸਿੰਘ ਖਾਲਸਾ, ਸੁਖਜਿੰਦਰ ਸਿੰਘ, ਪ੍ਰਭਜੋਤ ਸਿੰਘ, ਪ੍ਰੀਤ ਮਹਿੰਦਰ ਸਿੰਘ, ਡਾ.ਗੁਰਪ੍ਰੀਤ ਸਿੰਘ ਨੂੰ ਭੇਟ ਕੀਤੀਆਂ। ਇਸ ਸਮੇਂ ਆਪਣੇ ਵਿਚਾਰਾਂ ਦੀ ਸਾਂਝ ਕਰਦਿਆਂ ਗੁਰਸਿੱਖ ਫੈਮਲੀ ਕਲੱਬ ਦੇ ਪ੍ਰਮੁੱਖ ਸ.ਅਮਨਪ੍ਰੀਤ ਸਿੰਘ ਨੇ ਕਿਹਾ ਕਿ ਰੋਟਰੀ ਕਲੱਬ ਦੇ ਸੁਹਿਰਦ ਯਤਨਾਂ ਸਦਕਾ ਸੇਵਾ ਦੇ ਪੁੰਜ ਭਾਈ ਘੱਨ੍ਹਈਆ ਜੀ ਦੇ ਸੇਵਾ ਭਾਵਨਾ ਵਾਲੇ ਮਿਸ਼ਨ ਨੂੰ ਅੱਗੇ ਤੋਰਨ ਦੀ ਲੜੀ ਦੇ ਤਹਿਤ ਗੁਰਸਿੱਖ ਫੈਮਲੀ ਕਲੱਬ ਲੁਧਿਆਣਾ ਨੂੰ ਪ੍ਰਾਪਤ ਹੋਈ ਐਂਬੂਲੈਂਸ ਵੈਨ ਮਰੀਜ਼ਾਂ ਦੀਆਂ ਕੀਮਤੀ ਜ਼ਿੰਦਗੀਆਂ ਨੂੰ ਸੁਰੱਖਿਅਤ ਰੱਖਣ ਤੇ ਉਨ੍ਹਾਂ ਨੂੰ ਸਮੇਂ ਸਿਰ ਹਸਪਤਾਲ ਲਿਜਾਣ ਵਿੱਚ ਆਪਣਾ ਮਹੱਤਵਪੂਰਨ ਰੋਲ ਅਦਾ ਕਰੇਗੀ। ਉਨ੍ਹਾਂ ਨੇ ਰੋਟਰੀ ਕਲੱਬ ਦੇ ਸਮੂਹ ਅਹੁਦੇਦਾਰਾਂ ਦਾ ਜਿੱਥੇ ਧੰਨਵਾਦ ਪ੍ਰਗਟ ਕੀਤਾ, ਉੱਥੇ ਨਾਲ ਹੀ ਗੁਰਸਿੱਖ ਫੈਮਲੀ ਕਲੱਬ ਵੱਲੋ ਰੋਟੇਰੀਅਨ ਡਾ. ਦੁਸ਼ਯੰਤ ਚੌਧਰੀ ਡਿਸਟ੍ਰਿਕ ਗਵਰਨਰ 3070 ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ। ਇਸ ਸਮੇਂ ਰੋਟਰੀ ਕਲੱਬ ਆਫ਼ ਲੁਧਿਆਣਾ ਨੌਰਥ ਦੇ ਪ੍ਰਮੁੱਖ ਅਹੁਦੇਦਾਰ ਰੋਟੇਰੀਅਨ ਜਤਿੰਦਰ ਪ੍ਰਕਾਸ਼ ਲਾਂਬਾ, ਅਸ਼ੋਕ ਜੈਨ, ਇੰਜ. ਆਰ. ਐਸ. ਬਹਿਲ, ਐਸ. ਐਸ. ਬਹਿਲ, ਰਵਿੰ-ਦਰ ਸਿੰਘਾਨੀਆ, ਵਿਕਾਸ ਗੋਇਲ, ਓਮ ਪ੍ਰਕਾਸ਼ ਬੱਸੀ, ਐਸ. ਪੀ. ਸਿੰਘ ਦੂਆ, ਭੀਮ ਸੈਨ ਬਾਂਸਲ, ਇੰਜ. ਰਕੇਸ਼ ਸ਼ਰਮਾ, ਜਗਮੋਹਨ ਸਿੰਘ, ਰੋਟੇਰੀਅਨ ਨਵਨੀਤ ਕੌਰ ਮੱਕੜ, ਨੀਲਮ ਜੈਨ, ਨਵਜੋਤ ਕੌਰ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਮਜ਼ਦੂਰਾਂ ਦੀਆਂ ਹਰ ਤਰ੍ਹਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ ਤੇ ਹੱਲ ਕੀਤੀਆਂ ਜਾਣਗੀਆਂ: ਅਰੁਨਾ ਚੌਧਰੀ





**ਦੀਨਾਨਗਰ (ਡਾ ਰਮੇਸ਼ ਸਰੰਗਲ )** ਸਾਬਕਾ ਕੈਬਨਿਟ ਮੰਤਰੀ ਅਰੁਣਾ ਚੌਧਰੀ ਵੱਲੋਂ ਅੱਜ ਦੀਨਾਨਗਰ ਵਿਖੇ ਮਜ਼ਦੂਰ ਦਿਵਸ 'ਤੇ ਸ਼ਿਕਾਗੋ ਗੋਲੀਕਾਂਡ 'ਚ ਮਾਰੇ ਗਏ ਮਜ਼ਦੂਰਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮਜ਼ਦੂਰਾਂ ਨੂੰ ਆਪਣੀਆਂ ਮੁਸ਼ਕਿਲਾਂ ਦੇ ਹੱਲ ਅਤੇ ਅਧਿਕਾਰਾਂ ਦੀ ਪ੍ਰਾਪਤੀ ਲਈ ਜਥੇਬੰਧਕ ਹੋਣ ਲਈ ਪ੍ਰੇਰਿਆ ਗਿਆ। ਉਨ੍ਹਾਂ ਕਿਹਾ ਕਿ ਜਿੰਨੀ ਦੇਰ ਤੱਕ ਮਜ਼ਦੂਰ ਆਪਣੇ ਹੱਕਾਂ ਪ੍ਰਤੀ ਜਾਗਰੂਕ ਤੇ ਜਥੇਬੰਧਕ ਨਹੀਂ ਹੋਣਗੇ ਉਨੀ ਦੇਰ ਤੱਕ ਮਜ਼ਦੂਰਾਂ ਦੀ ਹਾਲਤ 'ਚ ਆਸ ਮੁਤਾਬਕ ਸੁਧਾਰ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਸ਼ਿਕਾਗੋ ਗੋਲੀਕਾਂਡ 'ਚ ਮਾਰੇ ਗਏ ਮਜ਼ਦੂਰਾਂ ਦੀ ਕੁਰਬਾਨੀ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ ਅਤੇ ਅੱਜ ਦੇ ਦਿਨ ਪੂਰੇ ਦੇਸ਼ ਅੰਦਰ ਉਨ੍ਹਾਂ ਨੂੰ ਸ਼ਰਧਾਂਜਲੀਆਂ ਭੇਟ ਕਰਕੇ ਯਾਦ ਕੀਤਾ ਜਾ ਰਿਹਾ ਹੈ। ਅਰੁਣਾ ਚੌਧਰੀ ਨੇ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਗੋਲਡੀ ਰਾਜ ਦੀ ਮੰਗ 'ਤੇ ਲੇਬਰ ਸ਼ੈੱਡ ਨੇੜੇ ਖ਼ਰਾਬ ਪਏ ਨਲਕੇ ਨੂੰ ਤੁਰੰਤ ਠੀਕ ਕਰਵਾਉਣ ਅਤੇ ਸ਼ੈੱਡ ਤੇ ਆਸਪਾਸ ਟਾਇਲਾਂ ਲੱਗਵਾਉਣ ਵਾਸਤੇ ਨਗਰ ਕੌਂਸਲ ਪ੍ਰਧਾਨ ਨੂੰ ਆਦੇਸ਼ ਵੀ ਜਾਰੀ ਕੀਤੇ। ਸੀਨੀਅਰ ਕਾਂਗਰਸ ਨੇਤਾ ਅਸ਼ੋਕ ਚੌਧਰੀ ਕਿਹਾ ਕਿ ਸਿਰਫ਼ ਕਾਂਗਰਸ ਦੇ ਰਾਜ ਅੰਦਰ ਹੀ ਮਜ਼ਦੂਰਾਂ ਲਈ ਲਾਭਦਾਇਕ ਸਕੀਮਾਂ ਚਲਾਈਆਂ ਗਈਆਂ ਅਤੇ ਉਨ੍ਹਾਂ ਦੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕੀਤੇ ਗਏ ਜਦਕਿ ਖ਼ੁਦ ਨੂੰ ਮਜ਼ਦੂਰਾਂ ਤੇ ਆਮ ਲੋਕਾਂ ਦੀ ਪਾਰਟੀ ਕਹਿਣ ਦਾ ਦਮ ਭਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਵਾ ਸਾਲ ਦਾ ਸਮਾਂ ਹੋਣ ਦੇ ਬਾਵਜੂਦ ਮਜ਼ਦੂਰਾਂ ਦੀ ਭਲਾਈ ਲਈ ਕੋਈ ਕਦਮ ਨਹੀਂ ਚੁੱਕਿਆ। ਉਨ੍ਹਾਂ ਕਿਹਾ ਕਿ ਜਿਹੜੀ ਸਰਕਾਰ ਇੱਕ ਸਾਲ ਬੀਤਣ ਦੇ ਬਾਵਜੂਦ ਅਜੇ ਤੱਕ ਨਵਾਂ ਲੇਬਰ ਬੋਰਡ ਨਹੀਂ ਬਣਾ ਸਕੀ, ਉਹ ਮਜ਼ਦੂਰਾਂ ਦਾ ਕੀ ਸੰਵਾਰੇਗੀ। ਅਸ਼ੋਕ ਚੌਧਰੀ ਨੇ ਕਿਹਾ ਕਿ ਮਜ਼ਦੂਰਾਂ ਨੂੰ ਰੋਜ਼ਗਾਰ ਦੇਣ ਲਈ ਨਰੇਗਾ ਸਕੀਮ ਅਤੇ ਗਰੀਬਾਂ ਨੂੰ ਦੋ ਰੁਪਏ ਕਿਲੋ ਆਟਾ ਦੇਣ ਦੀ ਯੋਜਨਾ ਪ੍ਰਧਾਨ ਡਾ. ਮਨਮੋਹਨ ਸਿੰਘ ਵੱਲੋਂ ਚਲਾਈ ਗਈ ਸੀ, ਜਿਸਦਾ ਮਜ਼ਦੂਰ ਵਰਗ ਵੱਡੇ ਪੱਧਰ 'ਤੇ ਲਾਭ ਉਠਾ ਰਿਹਾ ਹੈ। ਮਜ਼ਦੂਰ ਯੂਨੀਅਨ ਵੱਲੋਂ ਮੁੱਖ ਮਹਿਮਾਨ ਅਰੁਣਾ ਚੌਧਰੀ ਤੇ ਅਸ਼ੋਕ ਚੌਧਰੀ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਪੰਜਾਬ ਲੇਬਰ ਵੈਲਫੇਅਰ ਬੋਰਡ ਦੇ ਮੈਂਬਰ ਸੁਸ਼ੀਲ ਕੁਮਾਰ, ਕਾਮਰੇਡ ਮੋਹਨ ਸਿੰਘ, ਅਮਰਜੀਤ ਅੰਬੀ, ਪ੍ਰਸ਼ੋਤਮ ਪੱਪਾ ਚੌਤਾ, ਸਰਪੰਚ ਦਿੱਗਵਿਜੇ ਸਿੰਘ, ਚੇਅਰਮੈਨ ਦਰਸ਼ਨ ਕੁਮਾਰ, ਰਿੰਕੀ ਬੱਬਰ, ਇੰਦਰਜੀਤ ਅਤੇ ਰਾਮ ਕੈਂਪ ਤੋਂ ਇਲਾਵਾ ਮਜ਼ਦੂਰ ਆਗੂ ਹਾਜ਼ਰ ਸਨ।

# ਜ਼ਿਲ੍ਹੇ ਦੇ ਸਰਕਾਰੀ ਹਸਪਤਾਲ ਪਹਿਲਾਂ ਵਾਂਗ ਹੀ ਸਵੇਰੇ 8 ਵਜੇ ਖੁੱਲ੍ਹਣਗੇ

## ਸਿਹਤ ਵਿਭਾਗ ਅਧੀਨ ਸਿਰਫ਼ ਦਫ਼ਤਰਾਂ ਦਾ ਸਮਾਂ 7:30 ਤੋਂ 2:00 ਵਜੇ ਤਕ ਕੀਤਾ: ਸਿਵਲ ਸਰਜਨ

**ਮੋਹਾਲੀ (ਰੀਤਿਸ਼ ਕੁਮਾਰ )** ਜ਼ਿਲ੍ਹਾ ਸਿਹਤ ਵਿਭਾਗ ਅਧੀਨ ਸਾਰੇ ਦਫ਼ਤਰ 2 ਮਈ ਤੋਂ ਸਵੇਰੇ 7.30 ਵਜੇ ਖੁਲ੍ਹਣਗੇ ਅਤੇ ਦੁਪਹਿਰ 2 ਵਜੇ ਬੰਦ ਹੋਣਗੇ। ਇਹ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ. ਰੁਪਿੰਦਰ ਗਿੱਲ ਨੇ ਦਸਿਆ ਕਿ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਉਕਤ ਸਮਾਂ-ਸਾਰਣੀ ਸਿਰਫ਼ ਦਫ਼ਤਰਾਂ 'ਤੇ ਲਾਗੂ ਹੈ ਜਿਹੜੇ ਪਹਿਲਾਂ 9 ਤੋਂ 5 ਵਜੇ ਤਕ ਖੁਲ੍ਹੇ ਰਹਿੰਦੇ ਸਨ। ਉਨ੍ਹਾਂ ਸਪੱਸ਼ਟ ਕੀਤਾ ਕਿ ਜ਼ਿਲ੍ਹੇ ਦੇ ਸਾਰੇ ਸਰਕਾਰੀ ਹਸਪਤਾਲਾਂ ਦੇ ਸਮੇਂ ਵਿਚ ਕੋਈ ਤਬਦੀਲੀ ਨਹੀਂ ਕੀਤੀ ਗਈ ਹੈ ਤੇ ਸਰਕਾਰੀ ਹਸਪਤਾਲ ਪਹਿਲਾਂ ਵਾਂਗ ਹੀ ਸਵੇਰੇ 8 ਵਜੇ ਖੁਲ੍ਹਣਗੇ ਅਤੇ ਦੁਪਹਿਰ 2 ਵਜੇ ਬੰਦ ਹੋਣਗੇ। ਇਨ੍ਹਾਂ ਹਸਪਤਾਲਾਂ ਵਿਚ ਜ਼ਿਲ੍ਹਾ ਹਸਪਤਾਲ ਮੋਹਾਲੀ, ਸਬ-ਡਵੀਜ਼ਨਲ ਹਸਪਤਾਲ ਖਰੜ ਅਤੇ ਡੇਰਾਬੱਸੀ ਅਤੇ ਜ਼ਿਲ੍ਹੇ ਦੇ ਸਾਰੇ ਪ੍ਰਾਇਮਰੀ ਹੈਲਥ ਸੈਂਟਰ, ਕਮਿਊਨਿਟੀ ਹੈਲਥ ਸੈਂਟਰ, ਸਬ-ਸੈਂਟਰ, ਆਮ ਆਦਮੀ ਕਲੀਨਿਕ, ਈ.ਐਸ.ਆਈ. ਹਸਪਤਾਲ ਆਦਿ ਸ਼ਾਮਲ ਹਨ , ਜਿਨ੍ਹਾਂ ਦਾ ਸਮਾਂ ਪਹਿਲਾਂ ਵਾਂਗ ਸਵੇਰੇ 8 ਤੋਂ 2 ਵਜੇ ਤਕ ਹੋਵੇਗਾ। ਜ਼ਿਲ੍ਹਾ ਸਿਹਤ ਵਿਭਾਗ ਦੇ ਮੁਖੀ ਡਾ. ਗਿੱਲ ਨੇ ਦਸਿਆ ਕਿ ਸਿਹਤ ਵਿਭਾਗ ਦੇ ਸਾਰੇ ਦਫ਼ਤਰ ਜਿਵੇਂ ਸਿਵਲ ਸਰਜਨ ਦਫ਼ਤਰ ਮੋਹਾਲੀ ਅਤੇ ਹਸਪਤਾਲਾਂ ਅੰਦਰਲੇ ਦਫ਼ਤਰ ਜਿਹੜੇ 9 ਤੋਂ 5 ਵਜੇ ਤਕ ਖੁਲ੍ਹਦੇ ਸਨ, ਹੁਣ ਸਵੇਰੇ 7-30 ਤੋਂ 2 ਵਜੇ ਤਕ ਖੁਲ੍ਹੇ ਰਹਿਣਗੇ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਹਸਪਤਾਲਾਂ ਵਿਚ ਐਮਰਜੈਂਸੀ ਸੇਵਾਵਾਂ ਪਹਿਲਾਂ ਵਾਂਗ 24 ਘੰਟੇ ਜਾਰੀ ਰਹਿਣਗੀਆਂ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸਰਕਾਰੀ ਹਸਪਤਾਲਾਂ ਦਾ ਗਰਮੀਆਂ ਦਾ ਸਮਾਂ (15 ਅਪ੍ਰੈਲ ਤੋਂ 15 ਅਕਤੂਬਰ) ਸਵੇਰੇ 8 ਤੋਂ ਦੁਪਹਿਰ 2 ਵਜੇ ਹੁੰਦਾ ਹੈ ਜਦਕਿ ਸਰਦੀਆਂ ਦਾ ਸਮਾਂ (15 ਅਕਤੂਬਰ ਤੋਂ 15 ਅਪ੍ਰੈਲ) ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤਕ ਹੁੰਦਾ ਹੈ।



# ਡਾ: ਵਿਨੋਦ ਸ਼ਰਮਾ ਨੇ ਕੇਂਦਰੀ ਯੂਨੀਵਰਸਿਟੀ ਦੇ ਚਾਂਸਲਰ ਪਦਮਸ਼੍ਰੀ ਪ੍ਰੋ. ਬੇਦੀ ਨਾਲ ਮੁਲਾਕਾਤ ਕੀਤੀ



**ਚੰਡੀਗੜ੍ਹ (ਅਮੁਲਿਆ)** ਲੇਖਕ ਅਤੇ ਸੰਪਾਦਕ ਡਾ: ਵਿਨੋਦ ਸ਼ਰਮਾ ਨੇ ਪ੍ਰਸਿੱਧ ਸਾਹਿਤਕਾਰ ਪ੍ਰੇਮ ਵਿੱਜ ਦੀ ਹਾਜ਼ਰੀ ਵਿੱਚ ਕੇਂਦਰੀ ਯੂਨੀਵਰਸਿਟੀ ਹਿਮਾਚਲ ਪ੍ਰਦੇਸ਼, ਧਰਮਸ਼ਾਲਾ ਦੇ ਚਾਂਸਲਰ ਪਦਮਸ਼੍ਰੀ ਪ੍ਰੋ: ਹਰਮਹਿੰਦਰ ਸਿੰਘ ਬੇਦੀ,ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਡਾ: ਸ਼ਰਮਾ ਨੇ ਆਪਣੇ ਆਉਣ ਵਾਲੇ ਕਾਵਿ ਸੰਗ੍ਰਹਿ 'ਨਈ ਦਿਸ਼ਾਏਂ ' ਬਾਰੇ ਗੱਲਬਾਤ ਕੀਤੀ . ਪ੍ਰੋਫੈਸਰ ਬੇਦੀ ਨੇ ਇਸ ਪੁਸਤਕ ਦਾ ਪ੍ਰਕਥਨ ਲਿਖਿਆ ਹੈ। ਉਨ੍ਹਾਂ ਵਧਾਈ ਦਿੰਦਿਆਂ ਕਿਹਾ ਕਿ ਡਾ: ਵਿਨੋਦ ਕੁਮਾਰ ਸ਼ਰਮਾ ਦੀਆਂ ਸਾਰੀਆਂ ਕਵਿਤਾਵਾਂ ਆਪਣੀ ਵਿਲੱਖਣ ਹੋਂਦ ਨੂੰ ਕਾਇਮ ਰੱਖਣ ਦੇ ਸਮਰੱਥ ਹਨ. ਇਸ ਮੌਕੇ ਉਨ੍ਹਾਂ ਕਿਹਾ ਕਿ 21ਵੀਂ ਸਦੀ ਦੇ ਤੀਜੇ ਦਹਾਕੇ ਵਿੱਚ ਹਿੰਦੀ ਦੇ ਕਾਵਿ-ਇਤਿਹਾਸ ਵਿੱਚ ਵਾਧਾ ਕਰਨ ਵਾਲੇ ਕਾਵਿ ਸੰਗ੍ਰਹਿ ਪਹਿਲੀ ਪੰਗਤੀ ਵਿੱਚ ਪੇਸ਼ ਕੀਤਾ ਗਿਆ ਕਾਵਿ ਸੰਗ੍ਰਹਿ ਆਪਣੀ ਇਤਿਹਾਸਕ ਭੂਮਿਕਾ ਨਿਭਾਏਗਾ।




publisher/chief Editor
**Aman Mehra**
lok bani (news Paper)
lokbani08@gmail.com
www.lokbani.com
mob:99155-94111

**Head Office:**
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫ਼ਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008


# ਜੇ. ਏ. ਸੀ. ਵੱਲੋਂ ਜਲੰਧਰ ਵਿਖੇ ਸੂਬਾ ਸਰਕਾਰ ਵਿਰੋਧੀ ਵਿਸ਼ਾਲ ਪੱਧਰੀ ਰੋਸ ਰੈਲੀ 5 ਮਈ ਨੂੰ

**ਅੰਮ੍ਰਿਤਸਰ (ਵਿਰਦੀ)** ਏਡਿਡ ਕਾਲਜ ਮੈਨੇਜਮੈਂਟ, ਤਿੰਨ ਰਾਜ ਯੂਨੀਵਰਸਿਟੀਆਂ ਦੇ ਪ੍ਰਿੰਸੀਪਲ ਐਸੋਸੀਏਸ਼ਨਾਂ, ਪੰਜਾਬ ਚੰਡੀਗੜ੍ਹ ਕਾਲਜਿਜ਼ ਟੀਚਰਜ਼ ਯੂਨੀਅਨ (ਪੀ.ਸੀ.ਸੀ.ਟੀ.ਯੂ.) ਅਤੇ ਅਣ-ਏਡਿਡ ਕਾਲਜਾਂ ਦੀ ਸਾਂਝੀ ਐਕਸ਼ਨ ਕਮੇਟੀ ਨੇ ਜਲੰਧਰ ਵਿਖੇ 5 ਮਈ ਨੂੰ ਸੂਬਾ ਸਰਕਾਰ ਦੇ ਸਿੱਖਿਆ ਵਿਰੋਧੀ ਫ਼ੈਸਲਿਆਂ ਖਿਲਾਫ਼ ਰੋਸ ਵਜੋਂ ਇਕ ਹੰਗਾਮੀ ਭਰੀ ਰੋਸ ਰੈਲੀ ਕਰਨ ਦਾ ਫ਼ੈਸਲਾ ਲਿਆ ਹੈ। ਜੇ. ਏ. ਸੀ. ਨੇ ਅੱਜ ਜੀ. ਐਨ. ਡੀ. ਯੂ., ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦੇ ਉਪ-ਕੁਲਪਤੀਆਂ ਨੂੰ ਪੱਤਰ ਭੇਜ ਕੇ ਕਿਹਾ ਹੈ ਕਿ 5 ਮਈ ਨੂੰ ਕੋਈ ਵੀ ਪ੍ਰਿੰਸੀਪਲ ਜਾਂ ਅਧਿਆਪਕ ਪ੍ਰੀਖਿਆ ਡਿਊਟੀ 'ਤੇ ਹਾਜ਼ਰ ਨਹੀਂ ਹੋਵੇਗਾ ਅਤੇ ਭਵਿੱਖ 'ਚ ਵੀ ਪ੍ਰੀਖਿਆ ਡਿਊਟੀਆਂ ਦਾ ਬਾਈਕਾਟ ਕੀਤਾ ਜਾਵੇ। ਉਨ੍ਹਾਂ ਕਿਹਾ ਕਿ 2 ਮਈ ਨੂੰ ਅਧਿਆਪਕ ਇਕ ਘੰਟੇ ਦਾ ਸਾਂਝਾ ਧਰਨੇ ਦੇਣਗੇ। ਇਸ ਮੌਕੇ ਜੇ. ਏ. ਸੀ. ਦੇ ਮੁੱਖੀ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਸੂਬਾ ਸਰਕਾਰ ਉਚੇਰੀ ਸਿੱਖਿਆ ਦੇ ਅਦਾਰਿਆਂ ਨੂੰ ਤਬਾਹ ਕਰਨ 'ਤੇ ਤੁਲੀ ਹੋਈ ਹੈ। ਜਲੰਧਰ ਅਤੇ ਹੋਰ ਵੱਖ-ਵੱਖ ਥਾਂਵਾਂ 'ਤੇ ਹੋਈਆਂ ਹੰਗਾਮੀ ਮੀਟਿੰਗਾਂ 'ਚ ਉਨ੍ਹਾਂ ਨੇ ਸਰਕਾਰ ਖਿਲਾਫ਼ ਵਿਰੋਧ ਜ਼ਾਹਿਰ ਕਰਨ ਲਈ ਜਲੰਧਰ ਲੋਕ ਸਭਾ ਉਪ ਚੋਣ ਦਾ ਵਿਰੋਧ ਕਰਨ ਦਾ ਵੀ ਸੰਕਲਪ ਲਿਆ। ਉਨ੍ਹਾਂ ਕਿਹਾ ਕਿ ਹਾਲਾਂਕਿ ਰਾਜ 'ਚ ਉੱਚ ਸਿੱਖਿਆ ਨੂੰ ਦਰਪੇਸ਼ ਬਹੁਤ ਸਾਰੇ ਮੁੱਦੇ ਹਨ, ਪਰ ਜੇ. ਏ. ਸੀ. ਦੀਆਂ ਤਿੰਨ ਮੁੱਢਲੀਆਂ ਮੌਜੂਦਾ ਮੰਗਾਂ 'ਚ ਕਾਲਜਾਂ ਲਈ ਪ੍ਰਸਤਾਵਿਤ ਕੇਂਦਰੀਕ੍ਰਿਤ ਦਾਖਲਾ ਪੋਰਟਲ ਨੂੰ ਰੱਦ ਕਰਨਾ ਮੁੱਖ ਹੈ, ਜਿਸ ਨੂੰ ਕਿ ਕਾਲਜਾਂ 'ਤੇ ਮਨਮਾਨੇ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ। ਇਸ ਮੌਕੇ ਪ੍ਰਿੰਸੀਪਲ ਐਸੋਸੀਏਸ਼ਨ ਦੇ ਮੁਖੀ ਡਾ. ਗੁਰਦੇਵ ਸਿੰਘ ਅਤੇ ਪੀ. ਸੀ. ਸੀ. ਟੀ. ਯੂ. ਦੇ ਮੁਖੀ ਡਾ. ਵਿਨੈ ਸੋਫਤ ਨੇ ਵੀ ਪੋਰਟਲ ਨੂੰ ਪੱਖਪਾਤੀ ਕਰਾਰ ਦਿੰਦਿਆਂ ਕਿਹਾ ਕਿ ਇਹ ਪੋਰਟਲ ਪ੍ਰਾਈਵੇਟ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਲਈ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਾਲਜਾਂ ਦੀਆਂ ਸਾਰੀਆਂ ਅਸਾਮੀਆਂ ਨੂੰ ਗ੍ਰਾਂਟ-ਇਨ-ਏਡ ਸਕੀਮਾਂ 'ਚ ਤਬਦੀਲ ਕਰਨ ਦੀ ਮੰਗ ਤੋਂ ਇਲਾਵਾ ਉੱਚ ਸਿੱਖਿਆ ਦੀਆਂ ਸੰਸਥਾਵਾਂ ਦੀ ਨਿਗਰਾਨੀ ਲਈ ਰਾਜ 'ਚ ਉੱਚ ਸਿੱਖਿਆ ਰੈਗੂਲੇਟਰੀ ਅਥਾਰਟੀ ਦੇ ਗਠਨ ਦੀ ਵੀ ਮੰਗ ਕੀਤੀ।



# ਤੇਜ ਰਫਤਾਰ ਟਰੱਕ ਹੇਠਾਂ ਆਉਣ ਕਾਰਨ ਮੋਟਰਸਾਈਕਲ ਸਵਾਰ ਨੌਜਵਾਨ ਦੀ ਹੋਈ ਮੌਤ



**ਦੀਨਾਨਗਰ (ਡਾ.ਰਮੇਸ਼ ਸਰੰਗਲ )** ਨੈਸ਼ਨਲ ਹਾਈਵੇ 'ਤੇ ਪਿੰਡ ਦਬੁਰਜੀ ਨੇੜੇ ਟਰਾਲੇ ਦੀ ਲਪੇਟ 'ਚ ਆਉਣ ਨਾਲ ਮੋਟਰਸਾਈਕਲ ਸਵਾਰ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਨੈਸ਼ਨਲ ਹਾਈਵੇਅ 'ਤੇ ਕਰੱਸ਼ਰ ਨਾਲ ਭਰੇ ਦੋ ਟਰਾਲੇ ਤੇਜ਼ ਰਫਤਾਰ ਨਾਲ ਜਾ ਰਹੇ ਸਨ, ਜਦੋਂ ਉਹ ਪਿੰਡ ਦਬੁਰਜੀ ਨੇੜੇ ਪੁੱਜੇ ਤਾਂ ਇੱਕ ਟਰਾਲਾ ਦੂਜੇ ਟਰਾਲੇ ਨੂੰ ਓਵਰਟੇਕ ਕਰ ਰਿਹਾ ਸੀ, ਤਾਂ ਇੱਕ ਨੌਜਵਾਨ ਜੋ ਕਿ ਮੋਟਰਸਾਈਕਲ 'ਤੇ ਜਾ ਰਿਹਾ ਸੀ ਟਰਾਲੇ ਨੇ ਉਸ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਦਰਦਨਾਕ ਮੌਤ ਹੋ ਗਈ।ਉੱਥੇ ਰਾਹਗੀਰਾਂ ਨੇ ਟਰਾਲੇ ਦੇ ਚਾਲਕ ਨੂੰ ਕਾਬੂ ਕਰਕੇ ਪੁਲੀਸ ਹਵਾਲੇ ਕਰ ਦਿੱਤਾ। ਮ੍ਰਿਤਕ ਨੌਜਵਾਨ ਦੀ ਪਛਾਣ ਪ੍ਰਿੰਸ ਪੁੱਤਰ ਅਸ਼ੋਕ ਕੁਮਾਰ ਵਾਸੀ ਪੰਗੋਲੀ ਜ਼ਿਲ੍ਹਾ ਕਾਂਗੜਾ (ਹਿਮਾਚਲ ਪ੍ਰਦੇਸ਼) ਵਜੋਂ ਹੋਈ ਹੈ। ਘਟਨਾ ਦੀ ਸੂਚਨਾ ਮਿਲਦੇ ਹੀ ਮੌਕੇ 'ਤੇ ਪੁੱਜੀ ਪੁਲਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਮ੍ਰਿਤਕ ਦੇ ਵਾਰਸਾਂ ਨੂੰ ਸੂਚਨਾ ਦੇ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਥਾਣਿਆਂ ਨੂੰ ਗੰਗਾ ਜਲ ਨਾਲ ਧੋਣ ਦੀਆਂ ਗੱਲਾਂ ਕਰਨ ਵਾਲੇ ਅੱਜ ਆਪ ਹੀ ਥਾਣਿਆਂ ਚ' ਪਾ ਰਹੇ ਨੇ ਗੰਦ ਨਿਤਿਨ ਨੰਦਾ

## ਸੱਤਾਧਾਰੀ ਆਗੂਆਂ ਦੇ ਇਸ਼ਾਰਿਆਂ ਤੇ ਨੱਚ ਰਹੀ ਹੈ ਪੁਲਿਸ ਨੰਦਾ

**ਸ਼੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ /ਰਜਿੰਦਰ ਧੀਮਾਨ)** ਚੋਣਾਂ ਤੋਂ ਪਹਿਲਾਂ ਥਾਣਿਆਂ ਨੂੰ ਭ੍ਰਿਸ਼ਟਾਚਾਰ ਦਾ ਅੱਡਾ ਦੱਸਣ ਵਾਲੇ ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਸਟੇਜਾਂ ਤੋਂ ਸ਼ਰੇਆਮ ਐਲਾਨ ਕਰ ਰਹੇ ਸਨ ਕਿ ਆਪ ਦੀ ਸਰਕਾਰ ਬਣਦਿਆਂ ਹੀ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਚ' ਪੈਂਦੇ ਤਿੰਨਾਂ ਥਾਣਿਆਂ ਨੂੰ ਗੰਗਾਜਲ ਨਾਲ ਧੋਤਾ ਜਾਵੇਗਾ ਤੇ ਥਾਣਿਆਂ ਚ' ਕਿਸੇ ਵੀ ਤਰਾਂ ਦੀ ਧੱਕਾਸ਼ਾਹੀ ਨਹੀਂ ਹੋਣ ਦਿੱਤੀ ਜਾਵੇਗੀ।ਪ੍ਰੰਤੂ ਅੱਜ ਉਹੀ ਹਲਕਾ ਵਿਧਾਇਕ ਆਮ ਆਦਮੀ ਪਾਰਟੀ ਦੇ ਗੁੰਡਾਗਰਦੀ ਕਰਨ ਤੇ ਉਤਾਰੂ ਵਰਕਰਾਂ ਨੂੰ ਬਚਾਉਣ ਲਈ ਸਿਫਾਰਿਸ਼ਾਂ ਕਰ ਰਿਹਾ ਹੈ ਤੇ ਪੁਲਿਸ ਆਪ ਦੇ ਵਰਕਰਾਂ ਅੱਗੇ ਲਿਲਕੜੀਆਂ ਕੱਢਦੀ ਵਿਖਾਈ ਦੇ ਰਹੀ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜਸੇਵੀ ਤੇ ਬਸਪਾ ਆਗੂ ਸ਼੍ਰੀ ਨਿਤਿਨ ਨੰਦਾ ਨੇ ਕਰਦਿਆਂ ਕਿਹਾ ਕਿ ਪੱਤਰਕਾਰ ਲੋਕਤੰਤਰ ਦਾ ਚੋਥਾ ਥੰਮ ਅਖਵਾਉਂਦੇ ਹਨ ਤੇ ਸਮਾਜ ਵਿੱਚ



ਉੱਘੇ ਸਮਾਜਸੇਵੀ ਤੇ ਬਸਪਾ ਆਗੂ ਸ਼੍ਰੀ ਨਿਤਿਨ ਨੰਦਾ ਗੱਲਬਾਤ ਕਰਦੇ ਹੋਏ।

ਵਾਪਰ ਰਹੀਆਂ ਹਰ ਤਰਾਂ ਦੀਆਂ ਘਟਨਾਵਾਂ ਨੂੰ ਸਾਡੇ ਤੱਕ ਪਹੁੰਚਾਉਂਦੇ ਹਨ ਪ੍ਰੰਤੂ ਆਮ ਆਦਮੀ ਪਾਰਟੀ ਦੇ ਵਰਕਰ ਉਨਾਂ ਪੱਤਰਕਾਰਾਂ ਤੇ ਹਮਲੇ ਕਰ ਰਹੇ ਹਨ,ਹੱਥੋ ਪਾਈ ਕਰਦੇ ਹੋਏ,ਉਨਾਂ ਦੇ ਮੋਬਾਇਲ ਭੰਨ ਰਹੇ ਹਨ ਤੇ ਮੰਤਰੀ ਸਾਹਿਬ ਇਨਾਂ ਗੁੰਡਿਆਂ ਤੇ ਕਾਰਵਾਈ ਕਰਵਾਉਣ ਦੀ ਥਾਂ ਉਨਾਂ ਦੀ ਪਿੱਠ ਥਾਪੜਦੇ ਹੋਏ ਪੁਲਿਸ ਨੂੰ ਨਿਰਦੇਸ਼ ਦੇ ਰਹੇ ਹਨ ਕਿ ਮੇਰੇ ਬੰਦਿਆਂ ਦਾ ਵਾਲ ਵੀ ਵਿੰਗਾ ਨਹੀਂ ਹੋਣਾ ਚਾਹੀਦਾ।ਉਨਾਂ ਕਿਹਾ ਕਿ ਥਾਣਿਆਂ ਕਚਿਹਰੀਆਂ ਵਿੱਚ ਆਪ ਵਰਕਰਾਂ ਦੇ ਇਸ਼ਾਰਿਆਂ ਤੇ ਕੰਮ ਕੀਤੇ ਜਾ ਰਹੇ ਹਨ ਤੇ ਮੰਤਰੀ ਸਾਹਿਬ ਦੇ ਚਹੇਤੇ ਨਜਾਇਜ ਧੰਦੇ ਕਰਨ ਵਾਲਿਆਂ ਤੋਂ ਸ਼ਰੇਆਮ ਵਸੂਲੀ ਕਰ ਰਹੇ ਹਨ ਪ੍ਰੰਤੂ ਮੰਤਰੀ ਸਾਹਿਬ ਅਣਜਾਣ ਬਣੇ ਹੋਏ ਹਨ।ਸ਼੍ਰੀ ਨੰਦਾ ਨੇ ਕਿਹਾ ਕਿ ਤਖਤ ਸ਼੍ਰੀ ਕੇਸਗੜ੍ਹ ਸਾਹਿਬ ਦੇ ਸਾਹਮਣੇ ਰੇਲਵੇ ਲਾਈਨ ਦੇ ਨੇੜੇ ਬਣੀਆ ਝੁੱਗੀਆਂ ਵਿੱਚ ਸ਼ਰੇਆਮ ਭੁੱਕੀ ਅਫੀਮ ਸ਼ਰਾਬ ਤੇ ਹੋਰ ਨਜਾਇਜ ਨਸ਼ੇ ਵੇਚੇ ਜਾ ਰਹੇ ਹਨ ਤੇ ਮੰਤਰੀ ਸਾਹਿਬ ਦਾ ਚਹੇਤਾ ਇੱਕ ਆਪ ਵਰਕਰ ਇਨਾਂ ਝੁੱਗੀਆਂ ਵਾਲਿਆਂ ਤੋਂ "ਮਹੀਨਾ" ਲੈਂਦਾ ਹੈ ਕੀ ਮੰਤਰੀ ਸਾਹਿਬ ਨੂੰ ਕੋਈ ਜਾਣਕਾਰੀ ਨਹੀਂ? ਉਨਾਂ ਮੰਤਰੀ ਸਾਹਿਬ ਨੂੰ ਸਵਾਲ ਕੀਤਾ ਕਿ ਕੀ ਇਨਾਂ ਝੁੱਗੀਆਂ ਵਿੱਚ ਵਿਕ ਰਹੇ ਨਸ਼ਿਆਂ ਸੰਬੰਧੀ ਉਨਾਂ ਨੂੰ ਕੋਈ ਜਾਣਕਾਰੀ ਨਹੀਂ?ਜੇਕਰ ਹੈ ਤਾਂ ਅੱਜ ਤੱਕ ਕਾਰਵਾਈ ਕਿਉਂ ਨਹੀਂ ਕੀਤੀ ਗਈ?ਉਨਾਂ ਕਿਹਾ ਕਿ ਪੁਲਿਸ ਅਧਿਕਾਰੀਆਂ ਦੇ ਸਾਹਮਣੇ ਮੰਤਰੀ ਸਾਹਿਬ ਦੇ ਚਹੇਤੇ ਆਪ ਵਰਕਰ "ਰੱਬ ਬਣੇ" ਗੁੰਡਾਗਰਦੀ ਕਰ ਰਹੇ ਹਨ ਪ੍ਰੰਤੂ ਪੁਲਿਸ ਦੇ ਹੱਥ ਬੰਨੇ ਹੋਏ ਵਿਖਾਈ ਦੇ ਰਹੇ ਹਨ ਇਸ ਤੋਂ ਵੱਧ ਸ਼ਰਮ ਵਾਲੀ ਗੱਲ ਹੋਰ ਕੀ ਹੋਵੇਗੀ।ਉਨਾਂ ਕਿਹਾ ਕਿ ਉਹ ਦਾਅਵੇ ਨਾਲ ਇਹ ਗੱਲ ਆਖ ਸਕਦੇ ਹਨ ਕਿ ਜੇਕਰ ਹਾਲਾਤ ਇਹੋ ਜਿਹੇ ਹੀ ਰਹੇ ਤਾਂ ਦੁਬਾਰਾ ਮੰਤਰੀ ਬਣਨਾ ਤਾਂ ਦੂਰ ਦੀ ਗੱਲ,ਇਨਾਂ ਲਈ ਸਰਪੰਚੀ ਜਿੱਤਣੀ ਵੀ ਔਖੀ ਹੋ ਜਾਵੇਗੀ।ਉਨਾਂ ਡੀ.ਜੀ.ਪੀ ਪੰਜਾਬ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਪੰਜਾਬ ਵਿੱਚ ਸ਼ਾਂਤੀ ਬਰਕਰਾਰ ਰੱਖਣੀ ਹੈ ਤਾਂ ਥਾਣਿਆਂ ਨੂੰ ਆਪ ਵਰਕਰਾਂ ਦਾ "ਅੱਡਾ" ਨਾ ਬਣਨ ਦਿੱਤਾ ਜਾਵੇ ਤੇ ਬਣਦੀ ਕਾਰਵਾਈ ਕਰਕੇ ਪੀੜਤ ਵਿਅਕਤੀਆਂ ਨੂੰ ਇਨਸਾਫ ਦਵਾਇਆ ਜਾਵੇ।

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੰਗੜੋਆ ਵਿਖੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਨੂੰ ਸਮਰਪਿਤ ਸੈਮੀਨਾਰ



**ਸ਼ਹੀਦ ਭਗਤ ਸਿੰਘ ਨਗਰ (ਲੋਕ ਬਾਣੀ)** ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ. ਕੰਵਲਜੀਤ ਸਿੰਘ ਬਾਜਵਾ ਦੀਆਂ ਹਦਾਇਤਾਂ 'ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਅੱਜ ਗਰਾਮ ਪੰਚਾਇਤ ਦੇ ਸਹਿਯੋਗ ਨਾਲ ਪਿੰਡ ਲੰਗੜੋਆਂ ਵਿਖੇ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਨੂੰ ਸਮਰਪਿਤ ਸੈਮੀਨਾਰ ਕਰਵਾਇਆ ਗਿਆ।ਇਸ ਸੈਮੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਕਮਲਦੀਪ ਸਿੰਘ ਧਾਲੀਵਾਲ ਸੀ.ਜੇ.ਐਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਸ਼ਾਮਿਲ ਹੋਏ। ਉਨ੍ਹਾਂ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੀ ਵਧਾਈ ਦਿੱਤੀ ਅਤੇ ਮਜ਼ਦੂਰਾਂ ਦੇ ਹੱਕਾਂ ਅਤੇ ਸਮਾਜਿਕ ਸੁਰੱਖਿਆ ਕਾਨੂੰਨਾਂ ਬਾਰੇ ਵੀ ਜਾਗਰੂਕ ਕੀਤਾ। ਇਸ ਤੋਂ ਇਲਾਵਾ ਲੀਗਲ ਸਰਵਿਸਜ਼ ਐਕਟ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ.ਭ.ਸ ਨਗਰ ਦੀਆਂ ਗਤੀਵਿਧੀਆਂ ਬਾਰੇ ਜਾਗਰੂਕ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਵੀ ਵਿਅਕਤੀ ਜਾਂ ਉਨ੍ਹਾਂ ਦੇ ਪਰਿਵਾਰਿਕ ਮੈਂਬਰ ਨੂੰ ਲੇਬਰ ਕੇਸਾਂ ਅਤੇ ਹੋਰ ਅਦਾਲਤੀ ਮਾਮਲਿਆਂ ਵਿੱਚ ਮੁਫ਼ਤ ਕਾਨੂੰਨੀ ਸਹਾਇਤਾ ਦੀ ਜ਼ਰੂਰਤ ਪੈਦੀ ਹੈ ਤਾਂ ਉਹ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ, ਟੈਲੀਫੋਨ ਨੰਬਰ 01823-223511 ਅਤੇ ਪੰਜਾਬ ਸਟੇਟ ਲੀਗਲ ਸਰਵਿਸਜ਼ ਦੇ ਟੋਲ ਫ੍ਰੀ ਨੰਬਰ 1968 'ਤੇ ਸੰਪਰਕ ਕਰਕੇ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਇਲਾਵਾ ਬਲਦੇਵ ਭਾਰਤੀ, ਪੈਰਾ ਲੀਗਲ ਵਲੰਟੀਅਰ ਵੱਲੋਂ ਲੇਬਰ ਕਾਰਡ ਬਣਾਉਣ ਦੇ ਲਈ ਪ੍ਰੇਰਿਤ ਕੀਤਾ ਗਿਆ ਅਤੇ ਇਸ ਸਬੰਧੀ ਮਿਲਣ ਵਾਲੀਆ ਸਹੂਲਤਾਂ ਬਾਰੇ ਵੀ ਜਾਗਰੂਕਤ ਕੀਤਾ ਗਿਆ।

# ਪੁਲਿਸ ਥਾਣੇ ਆਮ ਆਦਮੀ ਪਾਰਟੀ ਦੇ ਦਫਤਰ ਬਣੇ,ਪੀੜਤਾਂ ਨੂੰ ਇਨਸਾਫ ਦੇਣ ਦੀ ਥਾਂ "ਸਮਝੋਤੇ" ਕਰਨ ਲਈ ਮਜਬੂਰ ਕਰਨਾ ਮੰਦਭਾਗਾ : ਬਲਰਾਮ ਪਰਾਸ਼ਰ

**ਸ਼੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ /ਰਜਿੰਦਰ ਧੀਮਾਨ)** ਪੁਲਿਸ ਥਾਣਾ ਇਨਸਾਫ ਦਾ ਮੰਦਰ ਹੁੰਦਾ ਹੈ ਤੇ ਪੀੜਤ ਵਿਅਕਤੀ ਇਨਸਾਫ ਦੀ ਆਸ ਲੈ ਕੇ ਪੁਲਿਸ ਥਾਣੇ ਵਿੱਚ ਜਾਂਦਾ ਹੈ ਪ੍ਰੰਤੂ ਅੱਜ ਪੁਲਿਸ ਥਾਣੇ ਪੁਲਿਸ ਥਾਣੇ ਨਾ ਰਹਿ ਕੇ ਆਮ ਆਦਮੀ ਪਾਰਟੀ ਦੇ ਦਫਤਰ ਬਣ ਚੁੱਕੇ ਹਨ ਤੇ ਆਪ ਆਗੂ ਪੁਲਿਸ ਨੂੰ ਉਂਗਲੀਆਂ ਤੇ ਨਚਾਉਂਦੇ ਹੋਏ,ਮਨ ਭਾਉਂਦੇ ਫੈਂਸਲੇ ਕਰਵਾ ਰਹੇ ਹਨ।ਇਨਾਂ ਵਿਚਾਰਾਂ ਦਾ ਪ੍ਰਗਟਾਵਾ ਨੋਜੁਆਨ ਆਗੂ ਭਾਜਪਾ ਦੇ ਜਿਲ੍ਹਾ ਰੂਪਨਗਰ ਦੇ ਮੁੱਖ ਸਪੋਕਸਪਰਸਨ ਸ਼੍ਰੀ ਬਲਰਾਮ ਪਰਾਸ਼ਰ ਨੇ ਕਰਦਿਆਂ ਕਿਹਾ ਕਿ ਕੱਲ ਆਪ ਵਰਕਰਾਂ ਵੱਲੋਂ ਇੱਕ ਆਪ ਆਗੂ ਦੀ ਪੇਸ਼ੀ ਦੋਰਾਨ ਪੱਤਰਕਾਰਾਂ ਨਾਲ ਧੱਕਾ ਮੁੱਕੀ ਤੇ ਗਾਲੀ ਗਲੋਚ ਕੀਤੀ ਗਈ,ਪੱਤਰਕਾਰਾਂ ਦੇ ਮੋਬਾਇਲ ਤੱਕ ਤੋੜ ਦਿੱਤੇ ਗਏ ਪ੍ਰੰਤੂ ਪੁਲਿਸ ਮੂਕ ਦਰਸ਼ਕ ਬਣਕੇ ਸਭ ਕੁੱਝ ਵੇਖਦੀ ਰਹੀ।ਉਨਾਂ ਕਿਹਾ ਕਿ ਅਫਸੋਸ ਵਾਲੀ ਗੱਲ ਇਹ ਰਹੀ ਕਿ ਮੰਤਰੀ ਸਾਹਿਬ ਦਾ



ਨੋਜੁਆਨ ਆਗੂ ਭਾਜਪਾ ਦੇ ਜਿਲ੍ਹਾ ਰੂਪਨਗਰ ਦੇ ਮੁੱਖ ਸਪੋਕਸਪਰਸਨ ਸ਼੍ਰੀ ਬਲਰਾਮ ਪਰਾਸ਼ਰ ਗੱਲਬਾਤ ਦੌਰਾਨ।

ਚਹੇਤਾ,ਪੱਤਰਕਾਰਾਂ ਤੇ ਹਮਲਾ ਕਰਨ ਵਾਲਾ ਆਪ ਵਰਕਰ ਪੁਲਿਸ ਅਧਿਕਾਰੀਆਂ ਨੂੰ ਟਿੱਚ ਜਾਣ ਰਿਹਾ ਸੀ ਤੇ ਥਾਣਾ ਮੁਖੀ ਇੰਸਪੈਕਟਰ ਹਰਕੀਰਤ ਸਿੰਘ ਵੱਲੋਂ ਫੋਨ ਕਰਕੇ ਉਸਨੂੰ ਬਲਾਉਣ ਦੇ ਬਾਵਜੂਦ ਉਹ ਆਉਣ ਲਈ ਤਿਆਰ ਹੀ ਨਹੀਂ ਸੀ।ਉਨਾਂ ਕਿਹਾ ਕਿ ਸਰਕਾਰਾਂ ਦਾ ਬਹੁਤ ਆਈਆਂ ਪ੍ਰੰਤੂ ਪੁਲਿਸ ਦੇ ਹੱਥ ਇਸ ਤਰਾਂ ਬੰਨੇ ਹੋਏ ਕਦੇ ਨਜਰ ਨਹੀਂ ਆਏ।ਉਨਾਂ ਕਿਹਾ ਕਿ ਪੁਲਿਸ ਨੂੰ ਨਿਰਪੱਖ ਰਹਿ ਕੇ ਕਾਰਵਾਈ ਕਰਨੀ ਚਾਹੀਦੀ ਸੀ ਪ੍ਰੰਤੂ ਪੁਲਿਸ ਮੰਤਰੀ ਸਾਹਿਬ ਦੇ ਇਸ਼ਾਰਿਆਂ ਤੇ ਕੰਮ ਕਰ ਰਹੀ ਸੀ।ਉਨਾਂ ਕਿਹਾ ਕਿ ਜੁੰਮਾ ਜੁੰਮਾ ਅਜੇ ਚਾਰ ਦਿਨ ਪਹਿਲਾਂ ਹੀ ਮੰਤਰੀ ਸਾਹਿਬ ਦੇ ਇੱਕ ਬਹੁਤ ਕਰੀਬੀ ਆਪ ਆਗੂ ਤੇ ਆਤਮ ਹੱਤਿਆ ਕਰਨ ਲਈ ਮਜਬੂਰ ਕਰਨ ਦੇ ਦੋਸ਼ ਲੱਗੇ ਸਨ ਤੇ ਸਾਰੇ ਸਬੂਤ ਹੋਣ ਦੇ ਬਾਵਜੂਦ ਪੁਲਿਸ ਉਸ ਆਪ ਆਗੂ ਤੇ ਪਰਚਾ ਕਰਨ ਲਈ ਤਿਆਰ ਨਹੀਂ ਸੀ ਤੇ ਪੀੜਤ ਪਰਿਵਾਰ ਵੱਲੋਂ ਧਰਨਾ ਲਗਾ ਕੇ ਰੋਡ ਜਾਮ ਕਰਕੇ ਕਾਰਵਾਈ ਕਰਵਾਉਣ ਲਈ ਮਜਬੂਰ ਹੋਣਾ ਪਿਆ।ਬੀਤੇ ਕੱਲ ਉਸ ਆਪ ਆਗੂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਨ ਮੌਕੇ ਆਪ ਵਰਕਰਾਂ ਵੱਲੋਂ ਪੱਤਰਕਾਰਾਂ ਨੂੰ ਕਵਰੇਜ ਕਰਨ ਤੋਂ ਰੋਕਣਾ ਮੋਬਾਇਲ ਫੋਨ ਤੱਕ ਤੋੜ ਦੇਣਾ ਕੀ ਗੁੰਡਾਗਰਦੀ ਨਹੀਂ?ਉਨਾਂ ਕਿਹਾ ਕਿ ਪੁਲਿਸ ਵੱਲੋਂ ਗੋਗਲੂਆਂ ਤੋਂ ਮਿੱਟੀ ਝਾੜਦੇ ਹੋਏ ਮੁਆਫੀ ਮੰਗਵਾਉਣ ਦੀ ਖਾਨਾਪੂਰਤੀ ਕਰਕੇ ਮਾਮਲਾ ਰਫਾ ਦਫਾ ਕਰਵਾਉਣਾ ਮੰਦਭਾਗੀ ਗੱਲ ਹੈ ਜੋ ਪੁਲਿਸ ਦੇ ਅਕਸ ਤੇ ਧੱਬਾ ਲਾਉਣ ਦਾ ਕੰਮ ਕਰੇਗੀ।ਬਲਰਾਮ ਪਰਾਸ਼ਰ ਨੇ ਕਿਹਾ ਕਿ ਪੰਜਾਬ ਦੀ ਸਮਝਦਾਰ ਜਨਤਾ ਵੱਲੋਂ ਕੀਤਾ ਗਿਆ "ਬਦਲਾਅ" ਉਨਾਂ ਨੂੰ ਬਹੁਤ ਮਹਿੰਗਾ ਪੈ ਰਿਹਾ ਹੈ ਤੇ ਲੋਕਾਂ ਦਾ ਇਸ ਆਪ ਸਰਕਾਰ ਤੋਂ ਮੋਹ ਭੰਗ ਹੋ ਗਿਆ ਹੈ ਕਿਉਂਕਿ ਇਹ ਆਮ ਆਦਮੀ ਆਮ ਆਦਮੀ ਨਾ ਰਹਿ ਕੇ ਆਪਣੇ ਆਪ ਨੂੰ "ਰੱਬ" ਸਮਝਣ ਦੀ ਗੁਸਤਾਖੀ ਕਰ ਰਹੇ ਹਨ ਤੇ ਪੁਲਿਸ ਥਾਣਿਆਂ ਨੂੰ ਆਪਣੀ ਜਗੀਰ ਸਮਝਦੇ ਹੋਏ ਮਨ ਭਾਉਂਦੇ ਫੈਂਸਲੇ ਕਰਵਾ ਰਹੇ ਹਨ।ਉਨਾਂ ਕਿਹਾ ਕਿ ਅਜਿਹੀ ਧੱਕਾਸ਼ਾਹੀ ਬਹੁਤੀ ਦੇਰ ਨਹੀਂ ਚੱਲਦੀ ਹੁੰਦੇ ਤੇ ਅਤੀ ਦਾ ਅੰਤ ਬਹੁਤ ਜਲਦੀ ਹੋ ਜਾਂਦਾ ਹੈ ।

# ਮਜ਼ਦੂਰ ਮੁਲਾਜ਼ਮ ਤਾਲਮੇਲ ਕੇਂਦਰ ਸ਼੍ਰੀ ਅਨੰਦਪੁਰ ਸਾਹਿਬ ਵੱਲੋਂ ਮਈ ਦੇ ਸ਼ਹੀਦਾਂ ਨੂੰ ਜਲ ਸਪਲਾਈ ਦਫ਼ਤਰ ਨਵੀਂ ਆਬਾਦੀ ਵਿਖੇ ਸ਼ਰਧਾਂਜਲੀ ਸਮਾਗਮ ਦੌਰਾਨ ਸ਼ਹਿਰ ਵਿੱਚ ਰੋਸ ਮਾਰਚ ਕੀਤਾ

ਸ਼੍ਰੀ ਅਨੰਦਪੁਰ ਸਾਹਿਬ (ਜੋਗਿੰਦਰ ਰਾਣਾ ) ਮਜ਼ਦੂਰ ਮੁਲਾਜ਼ਮ ਤਾਲਮੇਲ ਕੇਂਦਰ ਸ਼੍ਰੀ ਅਨੰਦਪੁਰ ਸਾਹਿਬ ਵੱਲੋਂ ਮਈ ਦੇ ਸ਼ਹੀਦਾਂ ਨੂੰ ਜਲ ਸਪਲਾਈ ਦਫ਼ਤਰ ਨਵੀਂ ਆਬਾਦੀ ਵਿਖੇ ਸ਼ਰਧਾਂਜਲੀ ਸਮਾਗਮ ਦੌਰਾਨ ਸ਼ਹਿਰ ਵਿੱਚ ਰੋਸ ਮਾਰਚ ਕਰਕੇ ਦਿਤੀ । ਅੱਜ ਮਿਤੀ 1/5/23 ਨੂੰ ਮਜ਼ਦੂਰ ਮੁਲਾਜ਼ਮ ਤਾਲਮੇਲ ਕੇਂਦਰ ਸ਼੍ਰੀ ਅਨੰਦਪੁਰ ਸਾਹਿਬ ਵਲੋਂ ਕਨਵੀਨਰ ਤਰਸੇਮ ਲਾਲ ਦੀ ਅਗਵਾਈ ਵਿੱਚ ਮਈ ਦੇ ਸ਼ਹੀਦਾਂ ਨੂੰ ਰੋਸ ਰੈਲੀ ਅਤੇ ਸ਼ਹਿਰ ਵਿੱਚ ਮਾਰਚ ਕਰਕੇ ਸ਼ਰਧਾਂਜਲੀ ਦਿੱਤੀ ਗਈ । ਅੱਜ ਦੇ ਸ਼ਰਧਾਂਜਲੀ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਵੱਖ ਵੱਖ ਆਗੂਆਂ ਨੇ ਦੱਸਿਆ ਕਿ ਮਈ ਦਿਵਸ ਦੇ ਸ਼ਹੀਦਾ ਨੇ ਕੁਰਬਾਨੀ ਦੇ ਕੇ ਮਜ਼ਦੂਰਾਂ ਦੇ ਹੱਕਾਂ ਦੀ ਪ੍ਰਾਪਤੀ ਕੀਤੀ ਸੀ। ਪਰੰਤੂ ਅੱਜ ਸਾਡੀਆਂ ਸਰਕਾਰਾਂ ਨੇ ਮਜ਼ਦੂਰਾਂ ਦੇ ਹੱਕਾਂ ਨੂੰ ਖੋਹਣ ਲਈ ਤੇ ਸਰਮਾਏਦਾਰਾ ਨੂੰ ਮਜ਼ਦੂਰਾਂ ਦੀ ਹੋਰ ਤਿੱਖੀ ਲੁੱਟ ਕਰਨ ਲਈ ਕਨੂੰਨਾਂ ਨੂੰ ਬਦਲੀ ਕੀਤਾ ਜਾ ਰਿਹਾ ਹੈ। ਸਮੂਹ ਵਿਭਾਗਾਂ ਅੰਦਰ ਪੱਕੀ ਭਰਤੀ ਬੰਦ ਕਰਕੇ,ਠੇਕਾ ਭਰਤੀ ਸਿਸਟਮ ਲਾਗੂ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ ਸਾਡੀ ਸੱਚੀ ਸ਼ਰਧਾਂਜਲੀ ਤਾਂ ਹੀ ਹੋਵੇਗੀ ਕਿ ਅਸੀਂ ਕਿਰਤ ਕਨੂੰਨਾਂ ਵਿਚ ਕੀਤੀਆਂ ਸੋਧਾਂ ਵਾਪਸ ਲੈਣ ਤੱਕ, ਆਪਣੇ ਹੱਕਾਂ ਦੀ ਪ੍ਰਾਪਤੀ ਲਈ, ਲੁੱਟ ਅਤੇ ਦਾਬੇ ਤੋਂ ਮੁਕਤ ਸਮਾਜ ਸਿਰਜਣ ਲਈ, ਕਿਸਾਨਾਂ, ਮਜ਼ਦੂਰਾਂ, ਤੇ ਮੁਲਾਜ਼ਮਾਂ ਦੇ ਸਾਂਝੇ ਸੰਘਰਸ਼ ਨੂੰ ਤੇਜ਼ ਕਰੀਏ। ਇਸ ਸ਼ਰਧਾਂਜਲੀ ਸਮਾਗਮ ਵਿੱਚ ਜਲ ਸਪਲਾਈ ਸ਼ੈਨੀਟੈਸਨ ਕੰਨਟੈਰਕਟ ਵਰਕਰ ਯੂਨੀਅਨ ਮੱਖਣ ਕਾਲਸ ਜਸਵੀਰ ਸਿੰਘ ਜਿੰਦਵੜੀ ਪੈਨਸ਼ਨਰ ਐਸ਼ੋਸੀਏਸਨ ਦੇ ਪ੍ਰਧਾਨ ਭਾਗ ਸਿੰਘ ਭਾਉਵਾਲ ਪੈਸਕੋ ਕੰਨਟਰੈਕਟ ਯੂਨੀਅਨ ਪਿਉਸ਼ ਸ਼ਰਮਾ ਟੀ.ਐਸ.ਯੂ.( ਭੰਗਲ ) ਵਲੋਂ ਸੂਬਾ ਕੈਸ਼ੀਅਰ ਸੰਤੋਖ ਸਿੰਘ ਨੇ ਸੰਬੋਧਨ ਕੀਤਾ।



## ਸਰਕਾਰੀ ਕਾਲਜ ਜਾਡਲਾ ਵੱਲੋਂ ਵਿਦਿਆਰਥੀਆਂ ਦਾ ਤਿੰਨ ਦਿਨਾਂ ਵਿਦਿਅਕ ਟੂਰ ਕਰਵਾਇਆ ਗਿਆ



**ਸਹੀਦ ਭਗਤ ਸਿੰਘ ਨਗਰ (ਲੋਕ ਬਾਣੀ)** ਸਰਦਾਰ ਦਿਲਬਾਗ ਸਿੰਘ ਸਰਕਾਰੀ ਕਾਲਜ, ਜਾਡਲਾ ਵੱਲੋਂ ਡਲਹੌਜੀ, ਹਿਮਾਚਲ ਪ੍ਰਦੇਸ਼ ਵਿਖੇ ਵਿਦਿਆਰਥੀਆਂ ਦੇ ਤਿੰਨ ਦਿਨਾਂ ਵਿ-ਦਅਕ ਟੂਰ ਦਾ ਆਯੋਜਨ ਕੀਤਾ ਗਿਆ। ਕਾਲਜ ਪ੍ਰਿੰਸੀਪਲ ਮੈਡਮ ਸਿੰਮੀ ਜੌਹਲ ਵੱਲੋਂ 26 ਅਪ੍ਰੈਲ ਸਵੇਰੇ ਟੂਰ ਨੂੰ ਰਵਾਨਾ ਕੀਤਾ ਗਿਆ।ਇਸ ਟੂਰ ਦੀ ਅਗਵਾਈ ਕਾਲਜ ਦੇ ਸਰੀਰਿਕ ਸਿੱਖਿਆ ਵਿਸ਼ੇ ਦੇ ਸਹਾਇਕ ਪ੍ਰੋਫੈਸਰ ਪ੍ਰਿਆ ਬਾਵਾ ਨੇ ਕੀਤੀ ਅਤੇ ਕਾਲਜ ਦੇ ਲੋਕ ਪ੍ਰਸ਼ਾਸਨ ਵਿਸ਼ੇ ਦੇ ਸਹਾਇਕ ਪ੍ਰੋਫੈਸਰ ਡਾ. ਬਲਜੀਤ ਕੌਰ ਵੀ ਟੂਰ ਦੌਰਾਨ ਨਾਲ ਮੌਜੂਦ ਸਨ। ਡਲਹੌਜ਼ੀ ਵਿਖੇ ਪਹਿਲੇ ਦਿਨ ਵਿਦਿਆਰਥੀਆਂ ਨੇ ਡਲਹੌਜ਼ ਮਾਰਕਿਟ ਘੁੰਮੀ। ਟੂਰ ਦੇ ਦੂਸਰੇ ਦਿਨ ਵਿਦਿਆਰਥੀਆਂ ਵੱਲੋਂ ਕਾਲੀ ਮਾਤਾ ਮੰਦਰ ਵਿਖੇ ਨਮਸਤਕ ਹੋਣ ਤੋਂ ਬਾਅਦ ਖਜਿਆਰ ਦੀਆਂ ਵਾਦੀਆਂ ਦਾ ਲੁਤਫ਼ ਉਠਾਇਆ ਗਿਆ। ਇਥੇ ਹੀ ਕੁੱਝ ਵਿਦਿਆਰਥੀਆਂ ਵੱਲੋਂ ਪੈਰਾਗਲਾਈਡਿੰਗ ਵੀ ਕੀਤੀ ਗਈ। ਟੂਰ ਦੇ ਆਖਰੀ ਦਿਨ ਵਿਦਿਆਰਥੀਆਂ ਵੱਲੋਂ ਪੰਚਪੁਲਾ ਵਿਖੇ ਪਗੜੀ ਸੰਭਾਲ ਜੱਟਾ ਲਹਿਰ ਦੇ ਮੋਢੀ ਸ. ਅਜੀਤ ਸਿੰਘ ਜੀ ਦੀ ਸਮਾਧ ਵਿਖੇ ਨਮਸਤਕ ਹੋਣ ਤੋਂ ਬਾਅਦ ਪੰਚਪੁਲਾ ਦੀ ਮਾਰਕਿਟ ਘੁੰਮੀ ਗਈ। ਇਸ ਉਪਰੰਤ ਵਿਦਿਆਰਥੀ ਅਤੇ ਸਟਾਫ਼ ਵਾਪਸੀ ਲਈ ਰਵਾਨਾ ਹੋਏ। ਵਿਦਿਆਰਥੀਆਂ ਨੇ ਆਪਣੇ ਟੂਰ ਨੂੰ ਰੋਮਾਂਚਕ ਅਤੇ ਗਿਆਨ ਭਰਪੂਰ ਕਰਾਰ ਦਿੱਤਾ।

## ਮਾਸਿਕ ਇਕੱਤਰਤਾ ਵਿਚ ਚੱਲਿਆ ਰਚਨਾਵਾਂ ਦਾ ਦੌਰ




**ਮੋਹਾਲੀ (ਅਮੁਲਿਆ)** ਸਾਹਿਤ ਵਿਗਿਆਨ ਕੇਂਦਰ ਦੀ ਮਾਸਿਕ ਇਕੱਤਰਤਾ ਖਾਲਸਾ ਕਾਲਜ ਮੋਹਾਲੀ ਵਿਖੇ ਸ੍ਰੀ ਪ੍ਰੇਮ ਵਿੱਜ ਜੀ ਦੀ ਪ੍ਰਧਾਨਗੀ ਹੇਠ ਹੋਈ।ਪ੍ਰਧਾਨਗੀ ਮੰਡਲ ਵਿਚ ਸ੍ਰੀ ਵਿਨੋਦ ਸ਼ਰਮਾ ( ਸੰਪਾਦਕ, ਚੰਡੀ ਭੂਮੀ ਅਖਬਾਰ)ਸੇਵੀ ਰਾਇਤ ,ਡਾ: ਅਵਤਾਰ ਸਿੰਘ ਪਤੰਗ ਵੀ ਸ਼ਾਮਲ ਸਨ।ਸ਼ੁਰੂ ਵਿਚ ਸਾਹਿਤ ਵਿਗਿਆਨ ਕੇਂਦਰ ਦੀ ਸੁਹਿਰਦ ਮੈਂਬਰ ਸ੍ਰੀਮਤੀ ਕਸ਼ਮੀਰ ਕੌਰ ਸੰਧੂ ਜੀ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।ਇਸ ਤੋਂ ਬਾਦ ਸੁਰਜੀਤ ਕੌਰ ਬੈਂਸ ਨੇ ਇਕ ਸਮਾਜਿਕ ਕਵਿਤਾ ਸੁਣਾਈ।ਡਾ: ਵਿਜੇ ਕਪੂਰ ਨੇ ਹਿੰਦੀ ਕਵਿਤਾ ਸੁਣਾ ਕੇ ਖੂਬ ਰੰਗ ਬੰਨ੍ਹਿਆ।ਰਾਜਵਿੰਦਰ ਗੱਡੂ,ਰਜਿੰ-ਦਰ ਧੀਮਾਨ, ਦਰਸ਼ਨ ਸਿੱਧੂ,ਜਸਪਾਲ ਕਮਲ,ਨਰਿੰਦਰ ਕੌਰ,ਹਰਜਿੰਦਰ ਕੌਰ,ਸੰਤੋਸ਼ ਗਰਗ,ਸਿਮਰਜੀਤ ਗਰੇਵਾਲ ਨੇ ਵੱਖੋ ਵੱਖ ਵਿਸ਼ਿਆਂ ਨੂੰ ਛੂਹਦੀਆਂ ਕਵਿਤਾਵਾਂ ਸੁਣਾਈਆਂ।ਬਲਵਿੰਦਰ ਢਿੱਲੋਂ, ਮਲਕੀਤ ਨਾਗਰਾ, ਲਾਭ ਸਿੰਘ ਲਹਿਲੀ, ਦਰਸ਼ਨ ਤਿਊਣਾ,ਹਰਿੰਦਰ ਸਿਨਹਾ,ਊਸ਼ਾ ਗਰਗ, ਡਾ: ਸੰਗੀਤਾ ਸ਼ਰਮਾ ਕੁੰ-ਦਰਾ,ਕੰਚਨ ਭੱਲਾ, ਨਵਨੀਤ ਮਠਾੜੂ ਨੇ ਗੀਤ ਸੁਣਾਏ।ਕੁਲਵੰਤ ਸਿੰਘ ਨੇ ਮਿੰਨੀ ਕਹਾਣੀ, ਗੁਰਦਾਸ ਸਿੰਘ ਦਾਸ ਨੇ ਤੂੰਬੀ ਤੇ ਗੀਤ,ਭਰਪੂਰ ਸਿੰਘ ਨੇ ਸੰਗੀਤ ਨਾਲ ਗੀਤ ਗਾ ਕੇ ਸਰੋਤੇ ਝੂਮਣ ਲਾ ਦਿੱਤੇ।ਡਾ; ਡੀ, ਕੇ, ਅਰੋੜਾ ਨੇ ਕੁਝ ਸ਼ੇਅਰ, ਸਰਵਨ ਸਿੰਘ ਅਤੇ ਜੁਧਵੀਰ ਸਿੰਘ ਨੇ ਰਲ ਕੇ "ਕਣਕਾਂ ਦਾ ਗੀਤ" ਪੇਸ਼ ਕੀਤਾ।ਨੀਲਮ ਨਾਰੰਗ,ਪਿਆਰਾ ਸਿੰਘ ਰਾਹੀ, ਪਰਮਜੀਤ ਪਰਮ,ਸੁਰਿੰਦਰ ਪਾਲ,ਚਰਨਜੀਤ ਕੌਰ ਬਾਠ,ਪੰਨਾ ਲਾਲ ਮੁਸਤਫਾਬਾਦੀ, ਗੁਰਦਰਸ਼ਨ ਸਿੰਘ ਮਾਵੀ, ਡਾ: ਅਵਤਾਰ ਸਿੰਘ ਪਤੰਗ, ਕਿਰਨ ਬੇਦੀ,ਵਸ਼ਿਸ਼ਟ ਜੀ,ਨੇ ਵੀ ਕਵਿਤਾਵਾਂ ਸੁਣਾ ਕੇ ਸਮਾਜ ਦੇ ਹਾਲਾਤ ਬਾਰੇ ਦੱਸਿਆ। ਪ੍ਰਧਾਨਗੀ ਭਾਸ਼ਨ ਵਿਚ ਵਿੱਜ ਜੀ ਨੇ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਜ ਲਈ ਅਜਿਹੇ ਸਾਹਿਤਕ ਪ੍ਰੋਗਰਾਮ ਜਰੂਰੀ ਹਨ।ਇਸ ਕੇਂਦਰ ਦਾ ਪਰਿਵਾਰਕ ਮਾਹੌਲ ਚੰਗਾ ਲੱਗਦਾ ਹੈ।ਉਹਨਾਂ ਨੇ ਆਪਣੀ ਹਿੰਦੀ ਕਵਿਤਾ ਵੀ ਸੁਣਾਈ। ਇਸ ਮੌਕੇ ਬਲਵੀਰ ਕੌਰ, ਕੁਲਵੰਤ ਸਿੰਘ, ਜਗਪਾਲ ਸਿੰਘ,ਨਰਿੰਦਰ ਸਿੰਘ, ਸ਼ੁੱਕਰ ਸਿੰਘ, ਨਿਰੰਜਣ ਸਿੰਘ ਵਿਰਕ,ਦਵਿੰਦਰ ਬਾਠ,ਕੁਲਵਿੰਦਰ ਸਿੰਘ,ਹਰਜੀਤ ਸਿੰਘ, ਵਿਨੋਦ ਕੁਮਾਰ,ਵੀ ਹਾਜਰ ਸਨ।ਮੰਚ ਸੰਚਾਲਨ ਦੀ ਜਿੰਮੇਵਾਰੀ ਸ੍ਰੀਮਤੀ ਸਤਬੀਰ ਕੌਰ ਨੇ ਬੜੇ ਸਲੀਕੇ ਨਾਲ ਨਿਭਾਈ।

## ਮੰਡੀਆਂ ਵਿੱਚ ਸਾਰੀਆਂ ਸਹੂਲਤਾਂ ਉਪਲੱਬਧ, ਕਿਸਾਨਾਂ ਨੂੰ ਨਹੀ ਹੋ ਰਹੀ ਖੱਜਲ ਖੁਆਰੀ

**ਸੁਖੇਮਾਜਰਾ (ਨੂਰਪੁਰ ਬੇਦੀ) (ਜੋਗਿੰਦਰ ਰਾਣਾ /ਰਾਜਿੰਦਰ ਧੀਮਾਨ)** ਪੰਜਾਬ ਸਰਕਾਰ ਵੱਲੋਂ ਅਨਾਜ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਸਾਰੇ ਪ੍ਰਬੰਧ ਮੁਕੰਮਲ ਹਨ, ਕਿਸਾਨਾਂ ਨੂੰ ਖਰਾਬ ਮੌਸਮ ਦੌਰਾਨ ਕੋਈ ਵੀ ਖੱਜਲ ਖੁਆਰੀ ਨਹੀ ਹੋ ਰਹੀ ਹੈ। ਭਾਰੀ ਬਰਸਾਤ ਦੌਰਾਨ ਕਿਸਾਨਾਂ ਦੀ ਫਸਲ ਨੂੰ ਤਰਪਾਲਾ ਨਾਲ ਢੱਕ ਕੇ ਬੇਲੋੜੀ ਖੱਜਲ ਖੁਆਰੀ ਤੋਂ ਬਚਾਇਆ ਗਿਆ ਹੈ। ਇਹ ਜਾਣਕਾਰੀ ਸੁਰਿੰਦਰਪਾਲ ਸਿੰਘ ਸਕੱਤਰ ਮਾਰਕੀਟ ਕਮੇਟੀ ਸ੍ਰੀ ਅਨੰਦਪੁਰ ਸਾਹਿਬ ਨੇ ਅੱਜ ਇੱਥੇ ਦਿੰਦੇ ਹੋਏ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਅਧੀਨ ਸਾਰੀਆਂ 12 ਅਨਾਜ ਮੰਡੀਆਂ ਅਗੰਮਪੁਰ, ਕੀਰਤਪੁਰ ਸਾਹਿਬ, ਤਖਤਗੜ੍ਹ, ਨੂਰਪੁਰ ਬੇਦੀ, ਨੰਗਲ, ਸੂਰੇਵਾਲ, ਅਬਿਆਣਾ, ਸੁਖੇਮਾਜਰਾ, ਡੂਮੇਵਾਲ, ਅਜੋਲੀ, ਕਲਵਾਂ, ਮਹੈਣ ਵਿੱਚ ਕਿਸਾਨ ਆਪਣੀ ਫਸਲ ਲੈ ਕੇ ਪਹੁੰਚ ਰਹੇ ਹਨ, ਉਨ੍ਹਾਂ ਦੀ ਜਿਣਸ ਦਾ ਦਾਣਾ ਦਾਣਾ ਖਰੀਦਣ ਲਈ ਪੰਜਾਬ ਸਰਕਾਰ ਵੱਲੋਂ ਲੋੜੀਦੇ ਪ੍ਰਬੰਧ ਕੀਤੇ ਹੋਏ ਹਨ। ਖਰੀਦ ਏਜੰਸੀਆਂ ਨਿਰੰਤਰ ਅਨਾਜ ਮੰਡੀਆਂ ਵਿੱਚ ਫਸਲ ਦੀ ਖਰੀਦ ਕਰ ਰਹੀਆਂ ਹਨ। ਫਸਲ ਦੀ ਚੁਕਾਈ ਅਤੇ ਅਦਾਇਗੀ ਦੇ ਵੀ ਪ੍ਰਬੰਧ ਕੀਤੇ ਹੋਏ ਹਨ। ਰੂਪਨਗਰ ਦੇ ਵਿਧਾਇਕ ਦਿਨੇਸ਼ ਚੱਢਾ, ਡਿਪਟੀ ਕਮਿਸ਼ਨਰ ਡਾ.ਪ੍ਰੀਤੀ ਯਾਦਵ, ਐਸ.ਡੀ.ਐਮ ਮਨੀਸ਼ਾ ਰਾਣਾ ਲਗਾਤਾਰ ਅਨਾਜ ਮੰਡੀਆਂ ਵਿੱਚ ਦੌਰੇ ਕਰਕੇ ਕਿਸਾਨਾਂ ਦੀਆਂ ਫਸਲਾਂ ਦੀ ਖਰੀਦ, ਤੋਲ, ਚੁਕਾਈ ਅਤੇ ਅਦਾਇਗੀ ਦਾ ਜਾਇਜਾ ਲੈ ਰਹੇ ਹਨ। ਅਨਾਜ ਮੰਡੀਆਂ ਵਿੱਚ ਸਫਾਈ, ਰੋਸ਼ਨੀ, ਪੀਣ ਵਾਲਾ ਪਾਣੀ, ਪਖਾਨੇ,ਤਰਪਾਲਾ ਆਦਿ ਦੀ ਵਿਵਸਥਾ ਵੀ ਕੀਤੀ ਹੋਈ ਹੈ। ਆੜ੍ਹਤੀਆਂ ਵੱਲੋਂ ਕਿਸਾਨਾਂ ਦੀ ਫਸਲ ਦੀ ਸੰਭਾਲ ਦੇ ਵੀ ਸੁਚਾਰੂ ਪ੍ਰਬੰਧ ਕੀਤੇ ਹੋਏ ਹਨ। ਆੜ੍ਹਤੀਆਂ, ਮਜਦੂਰਾ, ਖਰੀਦ ਏਜੰਸੀਆ ਦੇ ਅਧਿਕਾਰੀਆਂ ਵੱਲੋ ਬਿਹਤਰ ਤਾਲਮੇਲ ਸਥਾਪਿਤ ਕੀਤਾ ਹੋਇਆ ਹੈ। ਮੰਡੀਆਂ ਵਿੱਚ ਥਾਂ ਦੀ ਘਾਟ ਨਾ ਹੋਵੇ ਇਸ ਲਈ ਚੁਕਾਈ ਅਤੇ ਰੇਲ ਗੱਡੀਆ ਦੀ ਸਪੈਸ਼ਲ ਦੇ ਵੀ ਪ੍ਰਬੰਧ ਕੀਤੇ ਹੋਏ ਹਨ। ਸਕੱਤਰ ਮਾਰਕੀਟ ਕਮੇਟੀ ਨੇ ਦੱਸਿਆ ਕਿ ਖਰਾਬ ਮੌਸਮ ਅਤੇ ਬਰਸਾਤ ਦੌਰਾਨ ਕਣਕ ਨੂੰ ਪਾਣੀ ਤੋ ਬਚਾਉਣ ਲਈ ਤਰਪਾਲਾ ਦੀ ਵਿਵਸਥਾ ਕੀਤੀ ਹੋਈ ਹੈ, ਬੀਤੇ ਦਿਨ ਹੋਈ ਬਰਸਾਤ ਦੌਰਾਨ ਸਾਰੀ ਫਸਲ ਨੂੰ ਤਰਪਾਲਾ ਨਾਲ ਢੱਕਿਆ ਗਿਆ ਤਾਂ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਫਸਲ ਵੇਚਣ, ਚੁਕਾਈ ਅਤੇ ਅਦਾਇਗੀ ਵਿੱਚ ਬੇਲੋੜੀ ਦੇਰੀ ਨਾ ਹੋਵੇ। ਉਨ੍ਹਾਂ ਨੇ ਦੱਸਿਆ ਕਿ ਸਮੁੱਚੀ ਪ੍ਰਕਿਰਿਆ ਸਹੀ ਢੰਗ ਨਾਲ ਚੱਲ ਰਹੀ ਹੈ। ਪੰਜਾਬ ਸਰਕਾਰ ਵੱਲੋਂ ਸੁਚਾਰੂ ਪ੍ਰਬੰਧ ਕੀਤੇ ਹੋਏ ਹਨ। ਪ੍ਰਸਾਸ਼ਨ ਵੱਲੋਂ ਸਾਰੇ ਪ੍ਰਬੰਧਾਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ, ਦਿਨ ਰਾਤ ਮੰਡੀਆਂ ਵਿੱਚ ਅਧਿਕਾਰੀ ਕਰਮਚਾਰੀ ਹਾਜ਼ਰ ਹਨ।





# ਸੰਯੁਕਤ ਕਿਸਾਨ ਮੋਰਚੇ ਨੇ ਦੇਸ਼ ਪੱਧਰ ਤੇ ਵੱਡੇ ਅੰਦੋਲਨ ਕਰਨ ਦਾ ਦਿੱਤਾ ਸੱਦਾ

## ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਕਾਮਰੇਡ ਸੁਰਜੀਤ ਸਿੰਘ ਢੇਰ ਅਤੇ ਇੰਦਰਜੀਤ ਸਿੰਘ ਫੌਜੀ ਦਿੱਲੀ ਮੀਟਿੰਗ ਵਿੱਚ ਹੋਏ ਸ਼ਾਮਿਲ

**ਸ੍ਰੀ ਅਨੰਦਪੁਰ ਸਾਹਿਬ (ਜੋਗਿੰ-ਦਰ ਰਾਣਾ/ਰਾਜਿੰਦਰ ਧੀਮਾਨ)** ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਬੀਤੇ ਕੱਲ੍ਹ ਦਿੱਲੀ ਵਿਖੇ ਕਾਮਰੇਡ ਸੁਰਜੀਤ ਭਵਨ ਵਿਖੇ ਜੋਗਿੰਦਰ ਸਿੰਘ ਉਗਰਾਹਾਂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਦੇਸ਼ ਭਰ ਤੋਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਭਾਗ ਲਿਆ। ਮੀਟਿੰਗ ਵਿੱਚ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਜੁਆਇੰਟ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ, ਜ਼ਿਲ੍ਹਾ ਰੋਪੜ ਦੇ ਮੀਤ ਪ੍ਰਧਾਨ ਇੰਦਰਜੀਤ ਸਿੰਘ ਫੌਜੀ ਵੀ ਇਸ ਮੀਟਿੰਗ ਵਿੱਚ ਸ਼ਾਮਲ ਹੋਏ। ਇਸ ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆਂ ਡਾਕਟਰ ਅਸ਼ੋਕ ਧਾਵਲੇ ਨੇ ਦੱਸਿਆ ਕਿ ਮੁੱਖ ਤੌਰ ਤੇ ਦੇਸ਼ ਪੱਧਰ ਤੇ ਅੰਦੋਲਨ ਦੁਬਾਰਾ ਸੁਰੂ ਕੀਤਾ ਜਾਵੇਗਾ। ਮੁੱਖ ਮੰਗਾਂ ਕਿ ਐਮ ਐਸ ਪੀ ਤੇ ਕਾਨੂੰਨ ਬਣਾਇਆ ਜਾਵੇ, ਕਿਸਾਨਾਂ ਮਜ਼ਦੂਰਾਂ ਦਾ ਕਰਜ਼ਾ ਮੁਕਤੀ, ਫ਼ਸਲ ਬੀਮਾ ਯੋਜਨਾ, ਲਖੀਮਪੁਰ ਖਿਰੀ ਦੇ ਕਿਸਾਨਾਂ ਨੂੰ ਇਨਸਾਫ਼, ਗ੍ਰਹਿ ਮੰਤਰੀ ਦਾ ਅਜੈ ਟੈਨੀ ਦਾ ਅਸਤੀਫ਼ਾ, ਕਿਸਾਨਾਂ ਮਜ਼ਦੂਰਾਂ ਨੂੰ ਪੈਨਸ਼ਨ,ਅੰਨ ਸੁਰੱਖਿਆ ਕਾਨੂੰਨ, ਭੂਮੀ ਅਧਿਗ੍ਰਹਿਣ ਬਿੱਲਸਮੇਤ ਸੂਬਾਈ ਪੱਧਰ ਤੇ ਹੋਰ ਮੰਗਾਂ ਸ਼ਾਮਲ ਕੀਤੀਆਂ ਜਾਣ। ਉਨ੍ਹਾਂ ਨੇ ਕਿਹਾ ਕਿ ਨਰਿੰਦਰ ਮੋਦੀ ਦੀ ਸਰਕਾਰ ਨੇ ਪਿਛਲੇ ਅੱਠਾਂ ਸਾਲਾਂ ਕਾਰਪੋਰੇਟ ਘਰਾਣਿਆਂ ਦਾ 11 ਲੱਖ ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕੀਤਾ ਹੈ। ਪੂੰਜੀਪਤੀਆਂ ਨੂੰ ਲਾਭ ਦਿੱਤੇ ਹਨ। ਪਰ ਦੇਸ਼ ਦੇ ਕਿਸਾਨਾਂ ਮਜ਼ਦੂਰਾਂ ਦਾ ਕਰਜ਼ਾ ਮੁਆਫ਼ ਨਹੀਂ ਕੀਤਾ। ਐਸ ਕੇ ਐਮ ਵਿੱਚ ਹੋਰ ਕਿਸਾਨ ਜਥੇਬੰਦੀਆਂ ਨੂੰ ਸ਼ਾਮਲ ਕੀਤਾ ਜਾਵੇਗਾ। ਅੰਦੋਲਨ ਦੇ ਪਹਿਲੇ ਪੜਾਅ ਵਜੋਂ 26 ਤੋਂ 31 ਮਈ ਤੱਕ ਸੰਸਦ ਮੈਂਬਰਾਂ ਨੂੰ ਚਿਤਾਵਨੀ ਪੱਤਰ ਦਿੱਤੇ ਜਾਣ, ਸੂਬਾ ਪੱਧਰ ਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਦੀਆਂ ਸਾਂਝੀਆਂ ਕਨਵੈਨਸ਼ਨਾ,9 ਅਗਸਤ ਨੂੰ ਮੋਦੀ




ਦੇਸ਼ ਛੱਡੋ ਦਾ ਨਾਹਰਾ ਬੁਲੰਦ ਕੀਤਾ ਜਾਵੇਗਾ,1 ਸਤੰਬਰ ਤੋਂ 26 ਨਵੰਬਰ ਤੱਕ ਦੇਸ਼ ਪੱਧਰ ਤੇ ਚਾਰ ਟੀਮਾਂ ਵੱਲੋਂ ਯਾਤਰਾਵਾਂ,3 ਅਕਤੂਬਰ ਨੂੰ ਸ਼ਹਾਦਤ ਦਿਵਸ ਅਤੇ 26 ਤੋਂ 28 ਨਵੰਬਰ ਨੂੰ ਦੇਸ਼ ਦੀਆਂ ਰਾਜਧਾਨੀਆਂ ਉਤੇ ਧਰਨੇ ਮੁਜ਼ਾਹਰੇ ਕੀਤੇ ਜਾਣ। ਇਸ ਮੀਟਿੰਗ ਵਿੱਚ ਪਹਿਲੀ ਮਈ ਨੂੰ ਮਜ਼ਦੂਰ ਦਿਵਸ ਮਨਾਇਆ ਜਾਵੇ। ਇਸ ਮੀਟਿੰਗ ਵਿੱਚ ਹਨੁਨ ਮੁਲਹਾ,ਬਿਜੂ ਕ੍ਰਿਸ਼ਨਾ,ਕੇ ਪੀ,ਰੁਲਦੂ ਸਿੰਘ, ਮਨਜੀਤ ਸਿੰਘ ਧਨੇਰ, ਰਮਿੰਦਰ ਸਿੰਘ ਪਟਿਆਲਾ, ਡਾਕਟਰ ਦਰਸ਼ਨ ਪਾਲ, ਇੰਦਰਜੀਤ ਸਿੰਘ ਹਰਿਆਣਾ,ਬਲਕਰਨ ਸਿੰਘ, ਡਾਕਟਰ ਸਤਨਾਮ ਸਿੰਘ ਅਜਨਾਲਾ ਸਮੇਤ ਹੋਰ ਕਿਸਾਨ ਆਗੂ ਹਾਜ਼ਰ ਸਨ।

# ਨਿਸਾਨ ਮੋਟਰ ਇੰਡੀਆ ਨੇ ਅਪ੍ਰੈਲ 2023 ਵਿੱਚ 3249 ਯੂਨਿਟਾਂ ਦੀ ਥੋਕ ਵਿਕਰੀ ਰਿਕਾਰਡ ਕੀਤੀ

**ਚੰਡੀਗੜ੍ਹ (ਲੋਕ ਬਾਣੀ)** ਨਿਸਾਨ ਮੋਟਰ ਇੰਡੀਆ ਪ੍ਰਾਈਵੇਟ ਲਿਮਟਿਡ ਨੇ ਐਲਾਨ ਕੀਤਾ ਹੈ ਕਿ ਉਸਨੇ ਅਪ੍ਰੈਲ 2023 ਦੌਰਾਨ ਕੁੱਲ 3249 ਯੂਨਿਟਾਂ ਦੀ ਥੋਕ ਵਿਕਰੀ ਦਰਜ ਕੀਤੀ ਹੈ। ਕੰਪਨੀ ਦਾ ਘਰੇਲੂ ਥੋਕ 2617 ਯੂਨਿਟ ਰਿਹਾ ਜਦੋਂਕਿ ਬਾਕੀ 632 ਯੂਨਿਟਾਂ ਦਾ ਨਿਰਯਾਤ ਕੀਤਾ ਗਿਆ। ਨਿਸਾਨ ਮੋਟਰ ਇੰਡੀਆ ਨੇ ਹਾਲ ਹੀ ਵਿੱਚ ਵਿੱਤੀ ਸਾਲ 2022-23 ਦੌਰਾਨ 23% ਵਿਕਰੀ ਵਾਧੇ ਦੀ ਘੋਸ਼ਣਾ ਕੀਤੀ ਹੈ ਜਦੋਂ ਕਿ ਘਰੇਲੂ ਵਿਕਰੀ ਮਾਰਚ ਵਿੱਚ 8% ਵਧ ਕੇ ਅਪ੍ਰੈਲ 2023 ਵਿੱਚ 24% ਹੋ ਗਈ । ਇਹ ਦਰਸਾਉਂਦਾ ਹੈ ਕਿ ਕੰਪਨੀ ਨੇ ਵਿੱਤੀ ਸਾਲ 2023-24 ਵਿੱਚ ਵੀ ਆਪਣੀ ਵਿਕਾਸ ਗਤੀ ਨੂੰ ਜਾਰੀ ਰੱਖਿਆ ਹੈ। ਰਾਕੇਸ਼ ਸ਼੍ਰੀਵਾਸਤਵ, ਨਿਸਾਨ ਮੋਟਰ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਨੇ ਕਿਹਾ, "ਨਿਸਾਨ ਦੀ ਬਿਗ, ਬੋਲਡ, ਬਿਊਟੀਫੁੱਲ ਮੈਗਨਾਈਟ ਐਸਯੂਵੀ ਦੀ




1 ਲੱਖ ਤੋਂ ਵੱਧ ਗਾਹਕ ਬੁਕਿੰਗਾਂ ਦੇ ਨਾਲ ਕੰਪਨੀ ਦਾ ਸਕਾਰਾਤਮਕ ਵਾਧਾ ਜਾਰੀ ਰਿਹਾ ਹੈ। ਸਾਡਾ ਜ਼ੋਰ ਲਗਾਤਾਰ ਸਥਾਨਕ ਬਾਜ਼ਾਰ 'ਤੇ ਹੈ ਤੇ ਅਸੀਂ 15 ਤੋਂ ਵੱਧ ਦੇਸ਼ਾਂ ਵਿੱਚ ਐਕਸਪੋਰਟ ਕਰਦੇ ਹਾਂ ।

# ਪੰਜ ਸਾਲਾ ਬੱਚੀ ਨੇ ਬਣਾਇਆ ਰਿਕਾਰਡ, ਫ਼ਤਹਿ ਕੀਤੀ 13,000 ਫੁੱਟ ਉੱਚੀ ਚੰਦਰਸ਼ਿਲਾ ਚੋਟੀ

**ਨੈਨੀਤਾਲ ।** ਮਹਿਜ਼ ਪੰਜ ਸਾਲ ਦੀ ਉਮਰ ਵਿਚ ਸ਼ਹਿਰ ਦੀ ਧੀ ਨੰਦਾ ਦੇਵੀ ਨੇ ਪੰਜ ਪਹਾੜਾਂ 'ਤੇ ਚੜ੍ਹ ਕੇ ਰਿਕਾਰਡ ਕਾਇਮ ਕੀਤਾ ਹੈ। ਇਸ ਸਾਲ ਅਪ੍ਰੈਲ ਵਿਚ ਨੰਦਾ ਦੇਵੀ ਨੇ 13000 ਫੁੱਟ ਦੀ ਚੰਦਰਸ਼ਿਲਾ ਚੋਟੀ ਨੂੰ ਫ਼ਤਹਿ ਕੀਤਾ ਹੈ। ਨੰਦਾ ਨੂੰ ਅਜਿਹਾ ਕਰਨ ਲਈ ਪ੍ਰੇਰਨਾ ਆਪਣੇ ਪਰਬਤਾਰੋਹੀ ਪਿਤਾ ਅਨੀਤ ਅਤੇ ਪਰਬਤਾਰੋਹੀ ਮਾਂ ਟੁਸੀ ਤੋਂ ਮਿਲੀ। ਫ਼ੈਡਰੇਸ਼ਨ (ਆਈ.ਐਮ.ਐਫ਼.) ਦੀ ਮੈਂਬਰ ਮਾਂ ਟੁਸੀ ਦਾ ਦਾਅਵਾ ਹੈ ਕਿ ਨੰਦਾ ਦੇਸ਼ ਦੀ ਪਹਿਲੀ ਬਾਲ ਪਰਬਤਾਰੋਹੀ ਹੈ, ਜਿਸ ਨੇ ਪੰਜ ਸਾਲ ਦੀ ਉਮਰ 'ਚ ਪੰਜ ਪਹਾੜਾਂ 'ਤੇ ਚੜ੍ਹਾਈ ਕੀਤੀ ਅਤੇ ਚਾਰ ਸਾਲ ਦੀ ਉਮਰ 'ਚ 13,000 ਫੁੱਟ ਦੀ ਉਚਾਈ 'ਤੇ



ਪਹੁੰਚੀ। ਹੁਣ ਤਕ ੀਂ ਸਮੇਤ ਗੂਗਲ 'ਚ ਕਿਸੇ ਦਾ ਨਾਂ ਦਰਜ ਨਹੀਂ ਹੋਇਆ ਹੈ। ਟੁਸੀ ਨੇ ਦਸਿਆ ਕਿ ਨੰਦਾ ਦੇਵੀ ਪਹਿਲੀ ਵਾਰ 2019 'ਚ 10500 ਫੁੱਟ 'ਤੇ ਸਥਿਤ ਡੋਰੀਟਲ ਤੋਂ ਪਰਬਤਾਰੋਹੀ ਦੌਰਾਨ ਉਨ੍ਹਾਂ ਦੇ ਨਾਲ ਸੀ। ਉਦੋਂ ਉਹ ਸਿਰਫ਼ ਡੇਢ ਸਾਲ ਦੀ ਸੀ। ਇਸ ਤੋਂ ਬਾਅਦ 2021 ਵਿਚ ਨੰਦਾ ਉਨ੍ਹਾਂ ਨਾਲ ਯਮੁਨੋਤਰੀ ਪਹੁੰਚੀ। 6 ਨਵੰਬਰ 2017 ਨੂੰ ਜਨਮੀ ਨੰਦਾ ਪਹਿਲੀ ਜਮਾਤ ਵਿਚ ਪੜ੍ਹ ਰਹੀ ਹੈ। ਟੁਸੀ ਨੇ ਦਸਿਆ ਕਿ ਪਹਿਲੀ ਵਾਰ ਨੰਦਾ ਨੇ ਉਨ੍ਹਾਂ ਨਾਲ ਗੰਗੋਤ੍ਰੀ ਦਾ ਦੌਰਾ ਕੀਤਾ ਉਸ ਸਮੇਂ ਉਹ ਅੱਠ ਮਹੀਨਿਆਂ ਦੀ ਸੀ। ਇਸ ਤੋਂ ਬਾਅਦ 2019 'ਚ ਲੇਹ ਅਤੇ ਲੱਦਾਖ ਨੂੰ ਵੀ ਦੇਖਿਆ। ਪਰਬਤਾਰੋਹੀ ਨੰਦਾ ਨੇ ਦਸਿਆ ਕਿ ਉਹ ਆਪਣੇ ਮਾਤਾ-ਪਿਤਾ ਦੇ ਸੁਪਨਿਆਂ ਨੂੰ ਪੂਰਾ ਕਰਨਾ ਚਾਹੁੰਦੀ ਹੈ ਅਤੇ ਪਰਬਤਾਰੋਹੀ ਵਿਚ ਦੁਨੀਆਂ ਦੇ ਸਿਖ਼ਰ 'ਤੇ ਪਹੁੰਚਣਾ ਚਾਹੁੰਦੀ ਹੈ। ਮਾਤਾ ਅਤੇ ਪਿਤਾ ਤੋਂ ਪਰਬਤਾਰੋਹ ਦੀਆਂ ਬਾਰੀਕੀਆਂ ਸਿੱਖ ਰਹੀ ਹੈ।

# ਡਿਪਸ ਬੱਚਿਆਂ ਨੇ ਮਜ਼ਦੂਰ ਦਿਵਸ 'ਤੇ ਕਾਰਡ ਦੇ ਕੇ ਸਹਿਯੋਗੀ ਸਟਾਫ ਦਾ ਧੰਨਵਾਦ ਕੀਤਾ

**ਜਲੰਧਰ (ਲੋਕ ਬਾਣੀ)** ਸਬਰ, ਮਿਹਨਤ, ਸਹਿਣਸ਼ੀਲਤਾ ਦੀ ਸਭ ਤੋਂ ਵਧੀਆ ਮਿਸਾਲ ਸਹਾਇਕ ਸਟਾਫ਼ ਹੈ। ਇਨ੍ਹਾਂ ਸਤਰਾਂ ਨੂੰ ਬੋਲਦਿਆਂ ਡਿਪਸ ਚੇਨ ਦੇ ਸਾਰੇ ਸਕੂਲਾਂ ਵਿੱਚ ਮਜ਼ਦੂਰ ਦਿਵਸ ਮੌਕੇ ਕਰਵਾਏ ਪ੍ਰੋਗਰਾਮ ਵਿੱਚ ਸਹਾਇਕ ਸਟਾਫ ਨੂੰ ਸਨਮਾਨਿਤ ਕੀਤਾ ਗਿਆ। ਸਟਾਫ਼ ਅਤੇ ਬੱਚਿਆਂ ਵੱਲੋਂ ਸਹਿਯੋਗੀ ਸਟਾਫ਼ ਲਈ ਵੱਖ-ਵੱਖ ਗਤੀਵਿਧੀਆਂ, ਨਾਟਕ ਅਤੇ ਖੇਡਾਂ ਕਰਵਾਈਆਂ ਗਈਆਂ . ਸਾਰਿਆਂ ਨੇ ਮਿਲ ਕੇ ਮਜ਼ੇਦਾਰ ਖੇਡਾਂ, ਅੰਤਾਕਸ਼ਰੀ ਖੇਡੀ। ਅਧਿਆਪਕਾਂ ਨੇ ਬੱਚਿਆਂ ਨੂੰ ਇਸ ਦਿਨ ਦੀ ਮਹੱਤਤਾ ਤੋਂ ਜਾਣੂ



ਕਰਵਾਇਆ। ਉਨ੍ਹਾਂ ਕਿਹਾ ਕਿ ਮਜ਼ਦੂਰਾਂ ਅਤੇ ਕਿਰਤੀਆਂ ਦਾ ਸਨਮਾਨ ਕਰਨ ਦੇ ਮਕਸਦ ਨਾਲ ਹਰ ਸਾਲ ਵਿਸ਼ਵ ਭਰ ਵਿੱਚ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਦੀ ਸ਼ੁਰੂਆਤ ਮਜ਼ਦੂਰਾਂ ਦੇ ਹੱਕਾਂ ਲਈ ਆਪਣੀ ਆਵਾਜ਼ ਬੁਲੰਦ ਕਰਕੇ ਸਮਾਜ ਵਿੱਚ ਉਨ੍ਹਾਂ ਦੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਕੀਤ ੀਗਈ ਸੀ। ਇਸਤੋਂਬਾਅਦਕਈਦੇਸ਼ਾਂਵੱਲੋਂ ਕੰਮਕਾਜੀ ਸੀਮਾ ਲਾਗੂ ਕੀਤੀ ਗਈ ਅਤੇ ਹਰ ਕਿਸੇ ਨੂੰ ਬਾਲ ਮਜ਼ਦੂਰੀ ਰੋਕਣ ਲਈ ਪ੍ਰੇਰਿਤ ਕੀਤਾ





ਗਿਆ। ਵਿਦਿਆਰਥੀਆਂ ਵੱਲੋਂ ਬਹੁਤ ਹੀ ਸੁੰਦਰ ਕਾਰਡ ਬਣਾ ਕੇ ਸਮੂਹ ਸਟਾਫ਼ ਦਾ ਧੰਨਵਾਦ ਕੀਤਾ ਗਿਆ।

ਡਿਪਸ ਚੇਨ ਦੀ ਸੀਈਓ ਮੋਨਿਕਾ ਮੰਡੋਤਰਾ ਨੇ ਕਿਹਾ ਕਿ ਕੰਮ ਦੇ ਖੇਤਰ ਵਿੱਚ ਕਦੇ ਵੀ ਵਿਤਕਰਾ ਨਹੀਂ ਕਰਨਾ ਚਾਹੀਦਾ ਕਿਉਂਕਿ ਕੋਈ ਵੀ ਕੰਮ ਛੋਟਾ ਜਾਂ ਵੱਡਾ ਨਹੀਂ ਹੁੰਦਾ। ਸਾਨੂੰ ਹਰ ਕੰਮ ਕਰਨ ਵਾਲੇ ਦਾ ਸਤਿਕਾਰ ਕਰਨਾ ਚਾਹੀਦਾ ਹੈ। ਇਸਦੇ ਨਾਲ ਹੀ ਆਪਣੇ ਆਲੇ ਦੁਆਲੇ ਬਾਲ ਮਜ਼ਦੂਰੀ ਨੂੰ ਰੋਕਣ ਵਿੱਚ ਮਦਦ ਕਰਨੀ ਚਾਹੀਦੀ ਹੈ। ਬੱਚਿਆਂ ਦੀ ਪਹਿਲੀ ਪਹਿਲ ਸਿੱਖਿਆ ਹੋਣੀ ਚਾਹੀਦੀ ਹੈ ਤਾਂ ਜੋ ਉਹ ਆਪਣਾ ਭਵਿੱਖ ਸੁਧਾਰ ਸਕਣ।

# ਨਫ਼ਰਤੀ ਭਾਸ਼ਣ ਤੇ ਮਾਣਯੋਗ ਸੁਪਰੀਮ ਕੋਰਟ ਸਖ਼ਤ ''

**ਕੀਰਤਪੁਰ ਸਾਹਿਬ (ਜੋਗਿੰਦਰ ਰਾਣਾ )** ਦੇਸ਼ ਦੀ ਆਜ਼ਾਦੀ ਤੋਂ ਬਾਅਦ ਬਹੁੱਤ ਲੰਬੀ ਮੱਥਾ ਪਚੀ, ਦੂਜੇ ਦੇਸ਼ਾਂ ਦੇ ਸੰਵਿਧਾਨਾ ਦੀ ਗਹਿਰਾਈ ਨਾਲ ਸਮੀਕਸ਼ਾ ਕਰਨ ਤੋਂ ਬਾਅਦ ਬਾਬਾ ਸਾਹਿਬ ਅੰਬੇਡਕਰ ਨੇ ਲਿੱਖਤ ਅਤੇ ਲੰਬੇ ਸਵਿਧਾਨ ਨੂੰ ਛੱਬੀ ਜਨਵਰੀ 1950 ਨੂੰ ਸ਼ੋਸ਼ਲ ਡੇਮੋਕ੍ਰੇਟਿਕ ਅਤੇ ਸੈਕੂਲਾਰ ਸਵਿਧਾਨ ਲੱਗੂ ਕੀਤਾ ਜਿਸ ਵਿੱਚ ਨਾਗਰਿਕ ਅਧਿਕਾਰਾਂ ਨੂੰ ਪਹਿਲ ਦਿੱਤੀ ਗਈ ਹੈ। ਪਰ ਮੇਰਾ ਅੱਜ ਵੀ ਇਹੀ ਵਿਚਾਰ ਹੈ ਕਿ ਸੰਵਿਧਾਨ ਸਭਾ ਨੇ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਦੀ ਤਾਂ ਗਹਿਰਾਈ ਨਾਲ ਪੜਚੋਲ ਕੀਤੀ, ਕੀ ਕਦੀਂ ਉਨ੍ਹਾਂ ਲੋਕਾਂ ਦੇ ਸਮਾਜਿਕ, ਆਰਥਿਕ, ਭਾਵਨਾਤਮਿਕ, ਵਿਦਿਅਕ ਅਤੇ ਰਾਸ਼ਟਰੀ ਚਾਲ ਚੱਲਣ ਦੇ ਮਾਪਦੰਡਾਂ ਨੂੰ ਮਾਪਿਆ? ਨਹੀਂ ਮਾਪਿਆ ਹੋਵੇਗਾ ਕਿਉਂਕਿ ਸਾਡੀ ਕਹਾਵਤ ਹੈ ਭਾਂਡੇ ਦਾ ਮੂੰਹ ਦਾ ਆਕਾਰ ਵੇਖ਼ ਕੇ ਹੀ ਘੱਟ ਆਕਾਰ ਦੀ ਵਸਤੂ ਪਾਈ ਜਾਂਦੀ ਹੈ। ਪਲਾ-ਸਟਿਕ ਦੇ ਲਫਾਫੇ ਵਿੱਚ ਗਰਮ ਪਾਣੀ ਨਹੀਂ ਪਾਇਆ ਜਾਂਦਾ। ਇਹੀ ਹਾਲ ਉਸ ਸਮੇਂ ਦੇ ਤਿਆਰ ਸੰਵਿਧਾਨ ਦਾ ਅੱਜ ਹੋ ਰਿਹਾ ਹੈ ਜਿਸ ਨੂੰ ਲੋਕਾਂ ਦੇ ਪੱਧਰ ਤੱਕ ਲਿਆਉਣ ਲਈ ਡੇਢ ਸੌ ਦੇ ਲਗਭਗ ਸੋਧਾਂ ਕੀਤੀਆਂ ਜਾ ਚੁੱਕੀਆਂ ਹਨ। ਸੋਧਾਂ ਦਾ ਮਤਲਵ ਹੀ ਤਰੁੱਟੀਆਂ ਦੂਰ ਕਰਨਾ ਹੁੰਦਾ। ਅੱਜ ਵੀ ਪੱਛਮੀ ਲੋਕਾਂ ਅਤੇ ਸਾਡੇ ਲੋਕਾਂ ਦੇ ਵਿਵਹਾਰ ਵਿੱਚ ਜਮੀਨ ਅਸਮਾਨ ਦਾ ਫ਼ਰਕ ਹੈ, ਉਹ ਨਿੱਛ ਵੀ ਮਾਰਨਗੇ ਤੁਰਨ ਐਕਸਕੂਜ਼ ਮੀ ਕਹਿਣਗੇ ਸਾਡੇ ਜਦੋਂ ਤੱਕ ਪੂਰੇ ਮੁਹੱਲੇ ਵਿੱਚ ਨਾ ਸੁਣੇ ਅਤੇ ਇਕ ਦੋ ਦੇ ਕੱਪੜੇ ਖ਼ਰਾਬ ਨਾ ਕਰਨ, ਨਿੱਛ ਦਾ ਅਨੰਦ ਨਹੀਂ ਲੈਂਦੇ।



ਸੋ ਸੰਵਿਧਾਨ ਕਾਨੂੰਨਾਂ ਦਾ ਕਿਤਾਬਚਾ ਹੁੰਦਾ ਜੋ ਲੋਕਾਂ ਦੀਆਂ ਅਸ਼ਾਵਾਂ ਤੇ ਪੂਰਾ ਉਤਰਨਾ ਚਾਹੀਦਾ ਹੈ। ਅਜ਼ਾਦੀ ਤੋਂ ਬਾਅਦ ਸਾਡੇ ਲੋਕ ਇਨੀਆਂ ਖੁੱਲ੍ਹਾ ਦੇ ਯੋਗ ਨਹੀਂ ਸਨ ਸੋ ਹੋਲੀ ਹੋਲੀ ਇਨ੍ਹਾਂ ਨੂੰ ਪੱਛਮੀ ਦੇਸ਼ਾਂ ਦੇ ਬਰਾਬਰ ਸਮਾਜਿਕ, ਸੰਸਕ੍ਰਿਤਿਕ, ਆਰਥਿਕ ਅਤੇ ਵਿੱਦਿਅਕ ਤੌਰ ਪਰ ਬਣਾਇਆ ਜਾਂਦਾ ਜਿਉਂ ਜਿਉਂ ਇਨ੍ਹਾਂ ਦਾ ਪੱਧਰ ਵੱਧਦਾ ਸਵਿਧਾਨਕ ਅਧਿਕਾਰਾਂ ਨੂੰ ਵੀ ਜਾਰੀ ਕੀਤਾ ਜਾਂਦਾ।

ਇਸ ਭਾਰਤ ਵਿੱਚ ਜਿੱਥੇ ਲੋਕਾਂ ਵਿੱਚ ਅਨੇਕ ਭਿੰਨਤਾਵਾਂ ਹਨ ਉਨ੍ਹਾਂ ਤੇ ਇਕ ਕਾਨੂੰਨ ਲਾਗੂ ਨਹੀਂ ਕੀਤਾ ਜਾ ਸਕਦਾ ਜਿਸ ਕਰਕੇ ਭਾਰਤ ਵਿਚ ਦੰਗੇ ਫ਼ਸਾਦ ਇਕ ਆਮ ਹੋ ਗਏ। ਜ਼ਿਆਦਾਤਰ ਧਾਰਮਿਕ ਦੰਗਿਆਂ ਦਾ ਦੇਸ਼ ਬਣ ਗਿਆ ਸੀ ਜੋ ਕੇਵਲ ਭਾਰਤੀ ਲੋਕਾਂ ਅਤੇ ਸਵਿਧਾਨਕ ਧਾਰਾਵਾਂ ਦਾ ਆਪਸੀ ਮੇਲ ਨਹੀਂ ਖਾਂਦੇ ਸਨ।

**ਸੁਪਰੀਮ ਕੋਰਟ ਦੇ ਨਿਰਦੇਸ਼:-**

ਆਖਿਰ ਦੇਸ਼ ਦੇ ਧਰਮ ਨਿਰਪੱਖ ਢਾਂਚੇ ਦੀ ਰੱਖਿਆ ਲਈ ਮਾਣਯੋਗ ਸੁਪਰੀਮ ਕੋਰਟ ਨੇ ਹੀ ਪਹਿਲ ਕੀਤੀ ਕਿਉਂਕਿ ਲੋਕਾਂ ਵਿੱਚ ਨਫ਼ਰਤੀ ਬਿਆਨਬਾਜ਼ੀ ਸਿਖਰਾਂ ਤੇ ਹੋ ਚੁੱਕੀ ਹੈ ਕੋਈ ਅੱਗੇ ਆਉਣਾ ਨੂੰ ਤਿਆਰ ਨਹੀਂ ਹੈ ਕਿਉਂਕਿ ਸੱਭ ਇਸ ਗੰਦਗੀ ਨਾਲ ਲਿੱਬੜੇ ਹੋਏ ਹਨ। ਸੋ ਮਾਣਯੋਗ ਸੁਪਰੀਮ ਕੋਰਟ ਨੇ ਅਠਾਈ ਅਪ੍ਰੈਲ 2023 ਨੂੰ ਦੇਸ਼ ਦੇ ਸਾਰੇ ਰਾਜਾਂ ਅਤੇ ਕੇਂਦਰੀ ਸ਼ਾਸ਼ਤ ਪ੍ਰਦੇਸ਼ਾਂ ਨੂੰ ਨਿਰਦੇਸ਼ ਜਾਰੀ ਕੀਤੇ ਕੀ ਕੋਈ ਵੀ ਨਫ਼ਰਤੀ ਭਾਸ਼ਣ/ਬਿਆਨ ਦੇਵੇ ਤੁਰੰਤ ਬਿਨਾਂ ਕਿਸੇ ਦੀ ਸ਼ਕਾਇਤ ਤੇ ਐੱਫਆਈਆਰ ਦਰਜ਼ ਕੀਤੀ ਜਾਵੇ ਕਿਉਂਕਿ ਨਫ਼ਰਤੀ ਭਾਸ਼ਣ ਦੇਸ਼ ਦੇ ਧਰਮ ਨਿਰਪੱਖ ਢਾਂਚੇ ਨੂੰ ਤਬਾਹ ਕਰ ਦੇਵੇਗਾ। ਮਾਣਯੋਗ ਸੁਪਰੀਮ ਕੋਰਟ ਦਾ ਬਹੁਤ ਵਧੀਆ ਫ਼ੈਸਲਾ ਜਿਸਨੂੰ ਹਰੇਕ ਭਾਰਤ ਵਾਸੀ ਨੂੰ ਪ੍ਰਸ਼ੰਸ਼ਾ ਕਰਨੀ ਚਾਹੀਦੀ ਹੈ। ਹੁਣ ਨਫ਼ਰਤੀ ਭਾਸ਼ਣ ਦੀ ਸ਼ਕਾਇਤ ਕਰਨ ਦੀ ਲੋੜ ਨਹੀਂ ਸਗੋਂ ਸਖ਼ਤ ਧਾਰਾਵਾਂ 124,153,153 ,292,293 ਅਤੇ 295 ਇੰਡੀਅਨ ਪੈਨਲ ਕੋਡ ਅਧੀਨ ਸਜ਼ਾ ਦਾ ਭਾਗੀ ਹੋਵੇਗਾ। ਮੈਂ ਪੂਰਨ ਤੌਰ ਪਰ ਮਾਣਯੋਗ ਅਦਾਲਤ ਦੀ ਸਪੋਰਟ ਕਰਦਾ ਹਾਂ। ਨੇਤਾ ਲੋਕ ਵੀ ਸੋਚ ਸਮਝ ਕੇ ਮੂੰਹ ਖੋਲਣਗੇ।



ਮਾਸਟਰ ਯੋਗ ਰਾਜ

**ਮੇਰੀ ਮਾਣਯੋਗ ਸੁਪਰੀਮ ਕੋਰਟ ਨੂੰ ਹੋਰ ਬੇਨਤੀ ਹੈ;-**

ਥੋੜਾ ਜਿਹਾ ਫਰੀਡਮ ਆਫ ਸਪੀਚ ਤੇ ਵੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਣ। ਕਿੱਥੇ ਕੁ ਤੱਕ ਬੋਲਣਾ ਉਚਿੱਤ ਹੈ। ਕੀ ਦੇਸ਼ ਦੀ ਏਕਤਾ ਅਖੰਡਤਾ, ਪ੍ਰਭੂਸੱਤਾ, ਵਿਦਰੋਹ ਲਈ ਉੱਕਸਾਣਾ ਬਾਰੇ ਸੀਮਾਵਾਂ ਵਿਆਖਿਆ ਕੀਤੀ ਜਾਵੇ। ਕੁੱਝ ਲੋਕ ਅਜਿਹੀਆਂ ਕਾਰਵਾਈਆਂ ਨੂੰ ਸੰਵਿਧਾਨਿਕ ਅਧਿਕਾਰ ਸਮਝਦੇ ਅਤੇ ਆਪਣੀ ਅਜ਼ਾਦੀ ਦਾ ਅਧਿਕਾਰ ਸਮਝਦੇ ਇਸੀ ਕਰਕੇ ਨੌਰਥ ਇੰਡੀਆ ਵਿੱਚ ਅਜਿਹੇ ਵਿਦਰੋਹਾਂ ਦਾ ਸਾਹਮਣਾਂ ਕਰਨਾ ਪੈਂਦਾ। ਮਾਣਯੋਗ ਸੁਪਰੀਮ ਕੋਰਟ ਨੂੰ ਇਸ ਬਾਰੇ ਵੀ ਲੋਕਾਂ ਵਿੱਚ ਜਾਗ੍ਰਿਤੀ ਪੈਦਾ ਕਰਨੀ ਚਾਹੀਦੀ ਹੈ ਕੇ ਕਿੱਥੇ ਤੱਕ ਉਹ ਜਾ ਸਕਦੇ?

ਇਕ ਹੋਰ ਮਾਣਯੋਗ ਸੁਪਰੀਮ ਕੋਰਟ ਨੂੰ ਬੇਨਤੀ ਹੈ ਕੇ ਸ਼ੋਸ਼ਲ ਮੀਡੀਆ ਤੇ ਸ਼ਕਿੰਜਾ ਕੱਸਿਆ ਜਾਵੇ। ਅੱਜ ਕੱਲ੍ਹ ਸ਼ੋਸ਼ਲ ਮੀਡੀਆ ਬੂਰੇ ਦੇ ਘਰ ਤੱਕ ਪਹੁੰਚ ਗਿਆ। ਗੰਦਗੀ ਪਰੋਸੀ ਜਾ ਰਹੀ ਹੈ। ਭਾਰਤੀ ਸੰਸਕ੍ਰਿਤੀ ਦੀ ਦਸ਼ਾ ਅਤੇ ਦਿਸ਼ਾ ਹੀ ਬਿਗੜ ਗਈ ਹੈ। ਇਸ ਤੇ ਵੀ ਲੋਕਾਂ ਦੀ ਆਈ ਡੀ ਅਤੇ ਜੁੰਮੇਵਾਰੀ ਫਿਕਸ ਕੀਤੀ ਜਾਵੇ। ਏਥੇ ਵੀ ਅਜਿਹੇ ਹੀ ਨਿਰਦੇਸ਼ ਜਾਰੀ ਕੀਤੇ ਜਾਣ ਕਿ ਬਿਨਾ ਸ਼ਕਾਇਤ ਸਖ਼ਤ ਧਾਰਾਵਾਂ ਅਧੀਨ ਕੇਸ ਦਰਜ ਹੋਵੇ। ਅੰਤ ਵਿੱਚ ਮੈਂ ਮਾਣਯੋਗ ਸੁਪਰੀਮ ਕੋਰਟ ਦੇ ਨਫ਼ਰਤੀ ਭਾਸ਼ਣ ਤੇ ਜਾਰੀ ਹੁਕਮਾਂ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ ਇਸ ਨਾਲ ਲੋਕਾਂ ਦੀ ਬੱਦਜੁਬਾਨੀ ਤੇ ਲਗਾਮ ਲਗੇਗੀ ਨਹੀਂ ਤਾਂ ਏਥੇ ਉੱਚ ਸਵਿਧਾਨਕ ਅਹੁਦਿਆਂ ਤੇ ਬੈਠੇ ਮਹਾਮਹਿਮ ਵੀ ਨਹੀਂ ਬਖਸ਼ੇ ਜਾਂਦੇ।




ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ, ਪੁਸ਼ਟੀ ਕਰ ਲੈਣ। -ਸੰਪਾਦਕ

daily lok bani (punjabi) R.N.I. Punpun29016,2018 Editor,Owner,printer,Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, jalandhar (India), contect NO: 0181-2211009, fax : 2211009, Email Id: lokbani08@gmail.com